ਦਸੰਬਰ 2022, ਅੰਕ 4

# Magazine on Low External Input Sustainable Agriculture

# LEISA INDIA

## ਖਾਸ ਪੰਜਾਬੀ ਸੰਸਕਰਣ



ਲੀਜ਼ਾ ਇੰਡੀਆ ਦਾ ਊਨੀਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** *ਟੀ.ਐੱਮ. ਰਾਧਾ, ਏ. ਐੱਮ. ਈ. ਫਾਂਊਂਡੇਸ਼ਨ*
***ਪ੍ਰਬੰਧਕ ਸੰਪਾਦਕ:*** *ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਂਊਂਡੇਸ਼ਨ*
***ਅਨੁਵਾਦ ਕੋਆਰਡੀਨੇਅਰ:*** *ਬੀ.ਐੱਮ.ਸੰਜਨਾ, ਏ. ਐੱਮ. ਈ. ਫਾਂਊਂਡੇਸ਼ਨ*
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਅਮਨਜੋਤ ਕੌਰ
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਂਊਂਡੇਸ਼ਨ
**ਲੇਆਊਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ
**ਛਪਾਈ:** ਜ਼ੈ ਆਫਸੈੱਟ ਪ੍ਰਿੰਟਰਜ਼, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)
ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।
**ਮਾਇਜੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ**
**ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**

## ਪਿਆਰੇ ਪਾਠਕੋ

ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਊਨੀਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ - ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਨਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।

**ਲੀਜ਼ਾ ਇੰਡੀਆ ਟੀਮ**
**ਦਸੰਬਰ-2022**

*ਲੀਜ਼ਾ* ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ.ਐੱਮ.ਈ.ਫਾਂਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਂਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ. ਐੱਮ. ਈ. ਫਾਂਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਨਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (**www.misereor.de;misereor.org**)

# ਇਸ ਅੰਕ ਵਿੱਚ



## ਜੈਵਿਕ ਖੇਤੀ ਵੱਲ ਵਧਦੇ ਕਦਮ



ਖੇਤੀ ਬਦਲ ਰਹੀ ਹੈ। ਰਸਾਇਣਿਕ ਤੋਂ ਪ੍ਰੰਪਰਿਕ ਖੇਤੀ ਵੱਲ ਦੁਬਾਰਾ ਮੁੜ ਰਹੀ ਹੈ - ਪਰ ਇੱਕ ਨਵੇਂ ਅਹਿਸਾਸ, ਨਵੇਂ ਦ੍ਰਿਸ਼ਟੀਕੋਣ ਅਤੇ ਨਵੀਆਂ ਚੁਣੌਤੀਆਂ ਨਾਲ। ਚਾਹੇ ਇਹ ਜੈਵਿਕ ਹੋਵੇ, ਜਾਂ ਜ਼ੀਰੋ ਬਜਟ ਖੇਤੀ , ਕਿਸਾਨਾਂ ਲਈ ਸਭ ਤੋਂ ਮਹੱਤਵਪੂਰਨ ਇਸਦੀ ਆਰਥਿਕ ਅਤੇ ਵਾਤਾਵਰਣ ਸਥਿਰਤਾ ਹੈ।

ਪੇਜ ਨੰ: 5



## ਨਾਰੀਅਲ ਦੇ ਕੀਟਾਂ ਦਾ ਜੈਵ ਪ੍ਰਬੰਧਨ

### ਵੱਡੇ ਪੱਧਰ 'ਤੇ ਅਪਣਾਉਣ ਦੀ ਸਮਾਜਿਕ ਪ੍ਰਕ੍ਰਿਆ

ਸਕ੍ਰਿਅ ਸਮੁਦਾਇਕ ਭਾਗੀਦਾਰੀ ਦੇ ਨਾਲ ਵਿਅਕਤੀਗਤ ਪੱਧਰ ਤੋਂ ਸਮੁਦਾਇਕ ਪੱਧਰ ਤੱਕ ਵਿਸਤਾਰ ਦ੍ਰਿਸ਼ਟੀਕੋਣ ਵਿੱਚ ਆਦਰਸ਼ ਬਦਲਾਅ ਦੀ ਜਰੂਰਤ ਹੈ। ਅਜਿਹੇ ਖਾਸ ਵਿਸਤਾਰ ਦ੍ਰਿਸ਼ਟੀਕੋਣ ਤਕਨੀਕ ਨੂੰ ਅਪਣਾਉਣ, ਤਕਨੀਕ ਵਿੱਚ ਸੁਧਾਰ ਦੀ ਗੁੰਜਾਇਸ਼, ਤਕਨੀਕ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਅਤੇ ਤਕਨੀਕ ਦੇ ਤੇਜ਼ ਪ੍ਰਸਾਰ ਨੂੰ ਵਧਾ ਸਕਦੇ ਹਨ।

ਪੇਜ ਨੰ: 9

## ਮਹਾਂਮਾਰੀ ਦੌਰਾਨ ਮਹੂਆ ਦੇ ਫੁੱਲਾਂ ਦਾ ਮੁੱਲ ਸੰਵਰਧਨ


ਮਹੂਆ ਦੇ ਫੁੱਲਾਂ ਅਤੇ ਫਲਾਂ ਦਾ ਨਿਆਂਪੂਰਨ ਅਤੇ ਵਪਾਰਕ ਇਸਤੇਮਾਲ ਅਤੇ ਮੁੱਲ ਸੰਵਰਧਨ ਪਿੰਡ ਵਾਸੀਆਂ ਲਈ ਇੱਕ ਫਾਇਦੇਮੰਦ ਉੱਦਮ ਹੋ ਸਕਦਾ ਹੈ। ਹੋਰ ਉਤਪਾਦਾਂ ਦੇ ਇਲਾਵਾ, ਪਿੰਡ ਵਾਲਿਆਂ ਨੇ ਸਿੱਖਿਆ ਕਿ ਮਹੂਆ ਦੇ ਫੁੱਲ ਸੈਨੀਟਾਈਜ਼ਰ ਦੇ ਉਤਪਾਦਨ ਦਾ ਸ੍ਰੋਤ ਹੋ ਸਕਦੇ ਹਨ, ਜਿਸਨੇ ਉਹਨਾਂ ਨੂੰ ਮਹਾਂਮਾਰੀ ਦੌਰਾਨ ਸਵੈ-ਨਿਰਭਰ ਬਣਨ ਵਿੱਚ ਮੱਦਦ ਕੀਤੀ।



ਪੇਜ ਨੰ: 15

## ਭਾਰਤ ਵਿੱਚ ਰਵਾਇਤੀ ਖੇਤੀ - ਪਸ਼ੂਪਾਲਨ ਰਾਹੀ ਪਾਰ ਲੰਘਣਾ

ਪਸ਼ੂ ਪਾਲਣ ਅਤੇ ਖੇਤੀਬਾੜੀ ਦੇ ਆਪਸੀ ਸੰਬੰਧਾਂ ਵਿੱਚ ਇਹ ਸਮਰੱਥਾ ਹੈ ਕਿ ਇਹ ਵਿਸ਼ਵ ਅਰਥਵਿਵਸਥਾ ਨੂੰ ਹਰੀ, ਵਾਤਾਵਰਣ ਪੱਖ ਤੋਂ ਟਿਕਾਊ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾ ਸਕੇ। ਦੇਸ਼ ਭਰ ਵਿੱਚ ਪਸ਼ੂ ਪਾਲਣ ਦੀਆਂ ਉਦਾਹਰਨਾਂ ਕੁਦਰਤੀ ਸ੍ਰੋਤਾਂ ਦੇ ਪ੍ਰਬੰਧਨ, ਸਥਾਨਕ ਮੌਸਮ ਦੇ ਹਾਲਾਤਾਂ ਦੇ ਅਨੁਕੂਲ ਬਣਨ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਗੋਬਰ ਦੀ ਖਾਦ ਰਾਹੀ ਪੈਦਾ ਕੀਤੀ ਆਰਥਿਕ ਅਤੇ ਵਾਤਾਵਰਣ ਕੀਮਤ ਆਦਿ ਦੀ ਸਮਝ ਪ੍ਰਦਾਨ ਕਰਦੀਆਂ ਹਨ।



ਪੇਜ ਨੰ: 18

## ਸੰਪਾਦਕੀ

ਅੱਜ ਤਕਨੀਕ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਹਰ ਰੋਜ਼ ਨਵੀਂਆਂ ਖੋਜਾਂ ਹੋ ਰਹੀਆਂ ਹਨ। ਕਿਸਾਨ ਵੀ ਨਵੀਂਆਂ ਤਕਨੀਕਾਂ ਨੂੰ ਅਪਣਾ ਰਹੇ ਹਨ ਜਿਸ ਨਾਲ ਉਹਨਾਂ ਦੀ ਜਿੰਦਗੀ ਸੁਖਾਲੀ ਹੋ ਰਹੀ ਹੈ। ਬਹੁਤ ਸਾਰੇ ਕਿਸਾਨ ਇਹ ਕੋਸ਼ਿਸ਼ਾਂ ਕਰ ਰਹੇ ਹਨ ਕਿ ਨਵਾਂ ਅਪਣਾਉਣ ਦੇ ਨਾਲ ਜੋ ਪਹਿਲਾਂ ਵਾਲਾ ਚੰਗਾ ਸੀ, ਉਸਨੂੰ ਵੀ ਜਾਰੀ ਰੱਖਿਆ ਜਾ ਸਕੇ। ਤਾਂਕਿ ਸਾਡੇ ਰਵਾਇਤੀ ਗਿਆਨ ਅਤੇ ਨਵੀਂ ਤਕਨੀਕ ਦੋਵਾਂ ਦੇ ਸੁਮੇਲ ਨਾਲ ਨਾ ਸਿਰਫ ਕਿਸਾਨ ਨੂੰ ਬਲਕਿ ਵਾਤਾਵਰਨ ਨੂੰ ਵੀ ਲਾਭ ਮਿਲੇ।

ਅੱਜ ਕਿਸਾਨ ਆਪਣੇ ਖੇਤ ਵਿੱਚ ਜੋ ਉਗਾ ਰਿਹਾ ਹੈ, ਜੇਕਰ ਉਸਨੂੰ ਆਪਣੇ ਉਸ ਵੁਤਪਾਦ ਦੇ ਮੁੱਲ ਸੰਵਰਧਨ, ਹੋਰ ਨਵੇਂ ਉਤਪਾਦ ਬਣਾਉਣ ਵਿੱਚ ਮੱਦਦ ਮਿਲੇ ਤਾਂ ਇਸ ਨਾਲ ਕਿਸਾਨ ਦੇ ਨਾਲ - ਨਾਲ ਹੋਰਾਂ ਨੂੰ ਵੀ ਰੁਜ਼ਗਾਰ ਮਿਲੇਗਾ ਜਿਵੇਂ ਇਸ ਅੰਕ ਵਿੱਚ ਅਸੀਂ ਮਹੂਆ ਤੋਂ ਬਣੇ ਕਈ ਉਤਪਾਦਾਂ ਬਾਰੇ ਲੇਖ ਵਿੱਚ ਦੱਸਿਆ ਹੈ। ਇਸ ਤਰ੍ਹਾ ਕਿਸਾਨ ਅਤੇ ਵਿਗਿਆਨਕ ਮਿਲ ਕੇ ਕਮਾਲ ਕਰ ਸਕਦੇ ਹਨ। ਲੋੜ ਹੈ ਤਾਂ ਵਿਗਿਆਨੀਆਂ ਨੂੰ ਕਿਸਾਨਾਂ ਦੀਆਂ ਲੋੜਾਂ ਸਮਝਣ ਦੀ।

ਲੀਸਾ ਇੰਡੀਆ ਦੇ ਇਸ ਅੰਕ ਵਿੱਚ ਅਸੀਂ ਇਹਨਾਂ ਦੋਵੇਂ ਮਾਡਲਾਂ ਬਾਰੇ ਗੱਲ ਕੀਤੀ ਹੈ ਜੋ ਦੇਸ਼ ਦੇ ਕਈ ਹਿੱਸਿਆਂ ਵਿੱਚ ਚੱਲ ਰਹੇ ਹਨ ਅਤੇ ਕਿਸਾਨਾਂ ਲਈ ਰਾਹ ਦਸੇਰਾ ਬਣ ਰਹੇ ਹਨ। ਉਮੀਦ ਹੈ ਤੁਹਾਨੂੰ ਇਹ ਅੰਕ ਪਸੰਦ ਆਵੇਗਾ।

ਧੰਨਵਾਦ





# ਜੈਵਿਕ ਖੇਤੀ ਵੱਲ ਵਧਦੇ ਕਦਮ

*ਰੋਹਨ ਯੋਗੇਸ਼ ਰਾਊਤ*

**ਬਾਇਓ-ਇਨਪੁੱਟ ਨੇ ਕਿਸਾਨਾਂ ਦੇ ਖੇਤਾਂ ਵਿੱਚ ਰਸਾਇਣਿਕ ਇਨਪੁੱਟਸ ਦੀ ਥਾਂ ਲੈ ਲਈ**

ਖੇਤੀ ਬਦਲ ਰਹੀ ਹੈ। ਰਸਾਇਣਿਕ ਤੋਂ ਪ੍ਰੰਪਰਿਕ ਖੇਤੀ ਵੱਲ ਦੁਬਾਰਾ ਮੁੜ ਰਹੀ ਹੈ - ਪਰ ਇੱਕ ਨਵੇਂ ਅਹਿਸਾਸ, ਨਵੇਂ ਦ੍ਰਿਸ਼ਟੀਕੋਣ ਅਤੇ ਨਵੀਆਂ ਚੁਣੌਤੀਆਂ ਨਾਲ। ਚਾਹੇ ਇਹ ਜੈਵਿਕ ਹੋਵੇ, ਜਾਂ ਜ਼ੀਰੋ ਬਜਟ ਖੇਤੀ , ਕਿਸਾਨਾਂ ਲਈ ਸਭ ਤੋਂ ਮਹੱਤਵਪੂਰਨ ਇਸਦੀ ਆਰਥਿਕ ਅਤੇ ਵਾਤਾਵਰਣ ਸਥਿਰਤਾ ਹੈ।

ਜੈਵਿਕ ਖੇਤੀ ਵਿੱਚ 11 ਸਾਲਾਂ ਦੇ ਤਜ਼ਰਬੇ ਅਤੇ ਮਹਾਂਰਾਸ਼ਟਰ ਦੇ ਚੰਦਰਪੁਰ ਜਿਲ੍ਹੇ ਦੀ ਤਾਲੁਕਾ ਚਿਮੂਰ ਦੇ ਪਿੰਡ ਗੋਂਡੇਦਾ ਵਿਖੇ ਝੋਨੇ ਦੀ ਖੇਤੀ ਕਰਨ ਵਾਲੇ ਮੱਧਵਰਤੀ ਕਿਸਾਨਾਂ ਨਾਲ 5 ਸਾਲ ਕੰਮ ਕਰਨ ਤੋਂ ਬਾਅਦ ਅਸੀਂ (ਜੈਨਰਸ ਟੈਕਨੌਲੋਜੀਸ ਪ੍ਰਾ. ਲਿ.) ਮਹਾਂਰਾਸ਼ਟਰ ਦੇ ਭੰਡਾਰਾ ਜਿਲ੍ਹੇ ਦੇ ਅਸਗਾਓ ਪਿੰਡ ਦੇ ਝੋਨੇ ਦੇ ਉੱਚ ਕੀਟ ਦਬਾਅ ਖੇਤਰ ਵਿੱਚ ਹੱਥ ਅਜ਼ਮਾਉਣ ਦਾ ਫੈਸਲਾ ਕੀਤਾ। ਵਰਤਮਾਨ ਖੇਤੀ ਤਰੀਕਿਆਂ ਵਿੱਚ ਬਦਲਾਅ ਲਿਆਉਣਾ ਕਦੇ ਵੀ ਸੌਖਾ ਨਹੀ ਹੁੰਦਾ। ਇਹ ਉਹਨਾਂ 8 ਕਿਸਾਨਾਂ ਲਈ ਵੀ ਸੌਖਾ ਨਹੀਂ ਸੀ। ਸਫਲ ਜੈਵਿਕ ਖੇਤੀ ਕਿਸਾਨਾਂ ਦੇ ਖੇਤਾਂ ਦੀ ਵਿਜ਼ਿਟ ਕਰਨ ਅਤੇ ਚਿਾਰ-ਵਟਾਂਦਰਿਆਂ ਦੀ ਇੱਕ ਪੂਰੀ ਲੜੀ ਤੋਂ ਬਾਅਦ, ਕਿਸਾਨਾਂ ਦਾ ਇਹ ਸਮੂਹ ਆਪਣੀ ਜ਼ਮੀਨ ਦੇ ਘੱਟੋ-ਘੱਟ ਇੱਕ ਏਕੜ ਵਿੱਚ ਜੈਵਿਕ ਖੇਤੀ ਤਰੀਕੇ ਅਪਣਾ ਕੇ ਖੇਤੀ ਕਰਨ ਲਈ ਤਿਆਰ ਸੀ। ਕਿਸਾਨਾਂ ਨੇ ਆਪਸੀ ਸਹਿਮਤੀ ਨਾਲ ਝੋਨੇ ਦੀ ਜੈ ਸ਼੍ਰੀ ਰਾਮ ਕਿਸਮ ਲਗਾਉਣ ਦਾ ਫੈਸਲਾ ਕੀਤਾ ਜੋ ਕਿ ਇੱਕ ਵਧੀਆ ਅਤੇ ਮੱਧਮ ਆਕਾਰ ਦੀ ਕਿਸਮ ਹੈ।

ਪ੍ਰਤਿ ਏਕੜ ਦੋ ਟਨ ਵਧੀਆ ਕੰਪੋਸਟ ਖਾਦ ਪਾਈ ਗਈ। ਇਹ ਪਸ਼ੂਆਂ ਦੇ ਗੋਬਰ ਅਤੇ ਫਸਲ ਦੀ ਰਹਿੰਦ-ਖੂੰਹਦ ਤੋਂ ਡੀਕੰਪੋਸਟ ਕਲਚਰ ਦੀ ਮੱਦਦ ਨਾਲ ਤਿਆਰ ਕੀਤੀ ਗਈ। ਡੀਕੰਪੋਜੀਸ਼ਨ ਪੂਰੀ ਹੋਣ ਤੋਂ ਬਾਅਦ 8 ਤਰ੍ਹਾ ਦੇ ਬੈਕਟੀਰੀਆ ਅਤੇ ਫਫੂੰਦ ਉਸ ਵਿੱਚ ਮਿਲਾਏ ਗਏ। ਬੀਜ ਸੋਧਣ ਲਈ ਵਿਭਿੰਨ ਪ੍ਰਕਾਰ ਦੇ ਜੈਵਿਕ ਤਰੀਕਿਆਂ ਦਾ ਇਸਤੇਮਾਲ ਕੀਤਾ ਗਿਆ। ਢੈਂਚੇ ਨੂੰ ਹਰੀ ਖਾਦ ਦੇ ਤੌਰ 'ਤੇ ਬੀਜਿਆ ਗਿਆ। ਦਸ਼ਪਰਨੀ (ਦਸ ਪੱਤਿਆਂ ਦਾ) ਅਰਕ, ਨਿੰਮ੍ਹ ਦੇ ਪੱਤਿਆਂ ਦਾ ਅਰਕ, ਅਗਨੀ ਅਸਤਰ (ਮਿਰਚ, ਲਹੁਸਣ ਅਤੇ ਅਦਰਕ ਅਰਕ) ਕੀਟਾਂ ਨੂੰ ਦੂਰ ਰੱਖਣ ਲਈ ਇਸਤੇਮਾਲ ਕੀਤੇ ਗਏ। ਅਤੇ ਪਾਰਥੇਨੀਅਮ ਅਰਕ, ਜੀਵਅੰਮ੍ਰਿਤ, ਵਰਮੀਵਾਸ਼ ਅਤੇ ਪੰਚਗਵਯ ਦਾ ਇਸਤੇਮਾਲ ਝੋਨੇ ਦੀ ਫਸਲ ਦੇ ਵਾਧੇ ਲਈ ਇਸਤੇਮਾਲ ਕੀਤੇ ਗਏ।

ਛੋਟੀ ਜੋਤ ਦੀਆਂ ਜ਼ਮੀਨਾਂ ਉੱਪਰ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਦਾ ਬਹੁਤ ਜ਼ਿਆਦ ਇਸਤੇਮਾਲ, ਮਜਦੂਰਾਂ ਅਤੇ ਪੂੰਜੀ ਦਾ ਇਸਤੇਮਾਲ ਅਤੇ ਸੰਘਣੀ ਖੇਤੀ ਵਾਲੇ ਝੋਨੇ ਦੇ ਖੇਤਰ ਵਿੱਚ ਕੰਮ ਕਰਨ ਦਾ ਸਾਡਾ ਇਹ ਪਹਿਲਾ ਤਜ਼ਰਬਾ ਸੀ। ਸਾਡੇ ਲਈ ਹੈਰਾਨੀ ਦੀ ਗੱਲ ਦੇ ਨਾਲ-ਨਾਲ ਖੁਸ਼ੀ ਦੀ ਵੀ ਗੱਲ ਸੀ ਕਿ ਪ੍ਰਤਿਕੂਲ ਜਲਵਾਯੂ ਪਰਿਸਥਿਤੀਆਂ ਦੇ ਬਾਵਜੂਦ ਗਵਾਂਢ ਦੇ ਰਸਾਇਣਿਕ ਖੇਤੀ ਵਾਲੇ ਖੇਤਾਂ ਦੇ ਮੁਕਾਬਲੇ ਸਾਡੇ ਕਿਸਾਨਾਂ ਦੀ ਫਸਲ ਦੀ ਪ੍ਰਤਿਕ੍ਰਿਆ ਬੜੀ ਹੀ ਤਸੱਲੀਬਖਸ਼ ਸੀ। ਫਸਲ ਉੱਪਰ ਕੀਟਾਂ ਦਾ ਹਮਲਾ ਘੱਟ ਹੋਇਆ ਅਤੇ ਬਿਮਾਰੀਆਂ ਪ੍ਰਤਿ ਪ੍ਰਤਿਰੋਧਕ ਸ਼ਕਤੀ ਵੀ ਵਧੀ ਜਿਸ ਕਾਰਨ ਝੋਨੇ ਦੇ ਝਾੜ ਵਿੱਚ ਵਾਧਾ ਹੋਇਆ।

ਸਭ 8 ਕਿਸਾਨਾਂ ਦਾ ਜੈਵਿਕ ਖੇਤੀ ਦੇ ਪਹਿਲੇ ਸਾਲ ਵਿੱਚ ਝੋਨੇ ਦਾ ਝਾੜ 9-11 ਕੁਇੰਟਲ ਪ੍ਰਤਿ ਏਕੜ ਰਿਹਾ ਜਦੋਂਕਿ ਰਸਾਇਣਿਕ ਖੇਤੀ ਵਿੱਚ ਇਹ 2-4 ਕੁਇੰਟਲ ਪ੍ਰਤਿ ਏਕੜ ਸੀ। ਇਹ ਗੱਲ ਧਿਆਨ ਰੱਖਣ ਯੋਗ ਹੈ ਕਿ ਰਸਾਇਣਿਕ ਖੇਤੀ ਵਾਲੇ ਖੇਤਾਂ ਵਿੱਚ ਇਸ ਸਾਲ ਖਰਾਬ ਜਲਵਾਯੂ ਪਰਿਸਥਿਤੀਆਂ ਕਰਕੇ ਝਾੜ ਬਹੁਤ ਹੀ ਘੱਟ ਰਿਹਾ। ਆਮ ਤੌਰ 'ਤੇ ਰਸਾਇਣਿਕ ਖੇਤੀ ਵਾਲੇ ਖੇਤਾਂ ਵਿੱਚ ਇਸ ਖਾਸ ਖੇਤਰ ਵਿੱਚ ਝੋਨੇ ਦੀ ਵਧੀਆ ਕਿਸਮ ਦਾ ਝਾੜ 15-16 ਕੁਇੰਟਲ ਪ੍ਰਤਿ ਏਕੜ ਨਿਕਲਦਾ ਹੈ। ਕਿਸਾਨ ਖੁਸ਼ ਸਨ, ਨਾ ਸਿਰਫ ਇਸਲਈ ਕਿ ਉਹਨਾਂ ਦਾ ਰਸਾਇਣਿਕ ਖੇਤੀ ਦੇ ਮੁਕਾਬਲੇ ਵਧੀਆ ਝਾੜ ਨਿਕਲਿਆ ਬਲਕਿ ਉਹਨਾਂ ਨੂੰ ਆਪਣੇ ਉਤਪਾਦਨ ਲਈ ਵਧੀਆ ਕੀਮਤ ਵੀ ਮਿਲੀ। ਉਤਪਾਦਨ ਦੀ ਲਾਗਤ 50% ਤੱਕ ਘਟ ਗਈ ਅਤੇ ਕਈ ਮਾਮਲਿਆਂ ਵਿੱਚ ਤਾਂ ਹੋਰ ਵੀ ਘੱਟ ਸੀ। ਪਿਛਲੇ ਸਾਲ ਦੇ ਮੁਕਾਬਲੇ ਉਹਨਾਂ ਦੀ ਬੱਚਤ ਜ਼ਿਆਦਾ ਹੋਈ ਅਤੇ ਪਿਛਲੇ ਸਾਲ ਦੇ ਮੁਕਾਬਲੇ ਉਹਨਾਂ ਨੂੰ ਮਿਲਿਆ ਵੀ ਜ਼ਿਆਦਾ।

ਇਹ ਇੱਕ ਛੋਟੀ ਜਿਹੀ ਉਦਾਹਰਨ ਹੈ ਕਿ ਇੱਕ ਖੇਤੀ ਉੱਦਮੀ ਦੇ ਰੂਪ ਵਿੱਚ ਅਸੀ ਕਿਸ ਤਰ੍ਹਾ ਜੈਵਿਕ ਖੇਤੀ ਨੂੰ ਪ੍ਰੋਤਸ਼ਾਹਿਤ ਕਰ ਰਹੇ ਹਾਂ।

**ਨੀਤੀ ਸਹਿਯੋਗ :** ਜਿਲ੍ਹਾ/ਤਹਿਸੀਲ ਪੱਧਰ 'ਤੇ ਖੇਤੀਬਾੜੀ ਵਿਭਾਗ ਅਤੇ ਆਤਮਾ ਪੀ ਜੀ ਐਸ ਰਾਹੀ ਜੈਵਿਕ ਖੇਤੀ ਨੂੰ ਪ੍ਰੋਤਸ਼ਾਹਿਤ ਕਰ ਰਹੇ ਹਨ। ਕਿਸਾਨਾਂ ਨੂੰ ਜੈਵਿਕ ਖੇਤੀ ਲਈ ਲੋੜੀਂਦੇ ਜੈਵਿਕ ਖਾਦ-ਕੀਟਨਾਸ਼ਕ ਤਿਆਰ ਕਰਨ ਦੀ ਸਿਖਲਾਈ ਦਿੱਤੀ



**ਕਿਸਾਨਾਂ ਨੇ ਬਾਇਓ-ਇਨਪੁੱਟਸ ਦੀ ਵਰਤੋ ਕਰਕੇ ਵਧੀਆ ਝਾੜ ਪ੍ਰਾਪਤ ਕੀਤਾ**

ਗਈ। ਆਤਮਾ ਕੋਲ ਲੋੜੀਂਦੀਆਂ ਚੀਜਾਂ ਜਿਵੇਂ 200 ਲਿਟਰ ਦਾ ਡਰੰਮ, ਵਰਮੀ ਕੰਪੋਸਟ ਯੂਨਿਟ ਆਦਿ ਸਬਸਿਡੀ ’ਤੇਦੇਣ ਦਾ ਪ੍ਰਬੰਧ ਹੈ। ਕਿਸਾਨ ਸਮੂਹਾਂ ਅਤੇ ਮਹਿਲਾਵਾਂ ਦੇ ਸਵੈ ਸਹਾਇਤਾ ਸਮੂਹਾਂ ਨੂੰ ਐਚ ਏ ਐਨ ਪੀ ਵੀ ਉਤਪਾਦਨ, ਟ੍ਰਾਈਕ@ ਕਾਰਡ ਤਿਆਰ ਕਰਨ ਦੀ ਟ੍ਰੇਨਿੰਗ ਦਿੱਤੀ ਗਈ। ਇਹਨਾਂ ਸਭ ਯਤਨਾਂ ਦੇ ਨਾਲ, ਬਹੁਤ ਸਾਰੀਆਂ ਐਫ ਪੀ ਓ ਹੁਣ ਰਜਿਸਟਰਡ ਜੈਵਿਕ ਉਤਪਾਦਕ ਗਰੁੱਪ ਦੇ ਰੂਪ ਵਿੱਚ ਕੰਮ ਕਰ ਰਹੀਆ ਹਨ। ਨਾਗਪੁਰ ਜਿਲ੍ਹੇ ਵਿੱਚ, ਖੇਤੀਬਾੜੀ ਵਿਭਾਗ ਨਗਰ ਨਿਗਮ ਨਾਲ ਮਿਲ ਕੇ ਕਿਸਾਨਾਂ ਲਈ ਉਹਨਾਂ ਦੇ ਉਤਪਾਦ ਵੇਚਣ ਲਈ ਹਾਟ ਸਪਾਟ ਦੀ ਪਛਾਣ ਕਰਕੇ ਉਹਨਾਂ ਦੀ ਮੰਡੀਕਰਨ ਵਿੱਚ ਸਹਾਇਤਾ ਕਰ ਰਹੇ ਹਨ ਕਿਉਂਕਿ ਜ਼ਿਆਦਾਤਰ ਮੰਡੀਕਰਨ ਨੂੰ ਹੀ ਕਿਸਾਨਾਂ ਲਈ ਇੱਕ ਕਮਜ਼ੋਰ ਕੜੀ ਮੰਨਿਆ ਜਾਂਦਾ ਹੈ।

**ਕੁਦਰਤ ਦੇ ਅਨੁਕੂਲ ਖੇਤੀ ਦੇ ਸਿਧਾਂਤ**

**“ਕੁਦਰਤੀ ਖੇਤੀ ਤੇ 4 ਮੁੱਖ ਸਿਧਾਂਤਾਂ ਵਿੱਚ ਸੱਭ ਨੂੰ ਬਰਾਬਰ ਜਿਉਂਣ ਦਾ ਹੱਕ ਮੁੱਖ ਹੈ।**

**ਦੂਜਾ ਸਿਧਾਂਤ ਅਜਿਹੇ ਅਧਿਕਾਰ ਦੇ ਸਨਮਾਨ ਲਈ ਖੇਤੀ ਅਹਿੰਸਕ ਹੋਣੀ ਚਾਹੀਦੀ ਹੈ ਅਤੇ ਜਿੰਦਗੀ ਦੇ ਤਾਣੇ ਬਾਣੇ ਵਿੱਚ ਕੋਈ ਉਦੇਸ਼ ਪੂਰਾ ਕਰਨ ਵਾਲੀ ਹੋਣੀ ਚਾਹੀਦੀ ਹੈ। ਪਜਾਊ ਸ਼ਕਤੀ ਵੀ ਨਹੀਂ ਘਟੇਗੀ।**

ਰਾਸ਼ਟਰੀ ਪੱਧਰ ’ਤੇ MANAGE, ਹੈਦਰਾਬਾਦ ਅਤੇ ਆਈ ਆਈ ਐਫ ਐਸ ਆਰ, ਮੋਦੀਪੁਰਮ ਆਪਣੇ ਵਿਸਤਾਰ ਸਿਸਟਮ ਰਾਹੀ ਜੈਵਿਕ ਖੇਤੀ ਸੰਬੰਧੀ ਅਧਿਐਨ, ਡਾਟਾ ਇਕੱਠਾ ਕਰਨ ਅਤੇ ਪ੍ਰੋਤਸ਼ਾਹਿਤ ਕਰਨ ਲਈ ਕੰਮ ਕਰ ਰਹੇ ਹਨ। ਜੈਵਿਕ ਖੇਤੀ ਵਿੱਚ ਪ੍ਰਮਾਣਿਤ (ਸਰਟੀਫਾਈਡ) ਖੇਤ ਸਲਾਹਕਾਰ ਇੱਕ ਨਵੀਨ ਕੋਰਸ ਹੈ ਜੋ ਕਿ ਦੇਸ਼ ਭਰ ਵਿੱਚ ਜੈਵਿਕ ਸਲਾਹਕਾਰਾਂ ਦਾ ਇੱਕ ਬਲ ਤਿਆਰ ਕਰ ਰਿਹਾ ਹੈ। ਇਹ ਸਲਾਹਕਾਰ ਭਵਿੱਖ ਵਿੱਚ ਜੈਵਿਕ ਖੇਤੀ ਦੇ ਵਿਸਤਾਰ ਵਿੱਚ ਸਹਾਇਕ ਹੋਣਗੇ।

ਵਿਸਤਾਰ ਦੇ ਹਰ ਪੱਧਰ ਉੱਪਰ ਅਜਿਹੀਆਂ ਪਹਿਲਾਂ ਭਵਿੱਖ ਵਿੱਚ ਕਿਸਾਨਾਂ ਨੂੰ ਜੈਵਿਕ ਖੇਤੀ ਅਪਣਾਉਣ ਵਿੱਚ ਮੱਦਦ ਕਰਨਗੀਆਂ। ਕਿਸਾਨਾਂ ਤੱਕ ਸੂਚਨਾ ਦਾ ਪ੍ਰਵਾਹ ਲਗਾਤਾਰ ਰਹਿੰਦਾ ਹੈ। ਬਾਜਾਰ ਵਿੱਚ ਹੁਣ ਜੈਵਿਕ ਖੇਤੀ ਉਤਪਾਦ ਜਿਵੇਂ ਜੈਵਿਕ ਖਾਦਾਂ ਅਸਾਨੀ ਨਾਲ ਉਪਲਬਧ ਹਨ ਅਤੇ ਜੇਕਰ ਸਟਾਕ ਖਤਮ ਵੀ ਹੋ ਜਾਵੇ ਤਾਂ ਆਸਾਨੀ ਨਾਲ ਮੰਗਾਏ ਜਾ ਸਕਦੇ ਹਨ।

**ਚੁਣੌਤੀਆਂ :** ਸਾਨੂੰ ਜੈਵਿਕ ਖੇਤੀ ਨੂੰ ਇੱਕ ਸੁਨਿਯੋਜਿਤ ਗਤੀਵਿ ਦੇ ਰੂਪ ਵਿੱਚ ਜੈਵਿਕ ਖੇਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜੈਵਿਕ ਖੇਤੀ ਮੂਲ ਰੂਪ ਵਿੱਚ ਖੇਤੀ ਦੀ ਇੱਕ ਬਚਾਅ ਵਾਲੀ ਪਹੁੰਚ ਹੈ ਜੈਵਿਕ ਖੇਤੀ ਨੂੰ ਸ਼ੁਰੂ ਕਰਨ ਲਈ ਸਭ ਤੋਂ ਪਹਿਲਾ ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ ਦੀ ਸਾਰੀ ਵਿਵਸਥਾ ਨੂੰ ਸਮਝਣ ਲਈ ਸਬਰ ਦੀ ਲੋੜ ਹੈ।ਅਤੇ ਕਈ ਮਾਮਲਿਆਂ ਵਿੱਚ ਏਥੇ ਹੀ ਗਲਤੀ ਹੋ ਜਾਂਦੀ ਹੈ।

ਹਾਲਾਂਕਿ ਜੈਵਿਕ ਖੇਤੀ ਅਪਨਾਉਣ ਲਈ ਸਰਕਾਰ ਵੱਨੋਂ ਕਾਫ਼ੀ ਸੁਵਿਧਾਵਾਂ ਹਨ, ਪਰ ਕਿਸਾਨਾਂ ਵੱਲੋਂ ਜੈਵਿਕ ਖੇਤੀ ਨੂੰ ਘੱਟ ਅਪਨਾਉਣ ਦੇ ਕੁੱਝ ਕਾਰਨ ਅੱਗੇ ਦੱਸੇ ਗਏ ਹਨ -

- ਰਸਾਇਣਿਕ ਖੇਤੀ ਨੇ ਕਿਸਾਨਾਂ ਦਾ ਮਨ “ਸਭ ਤਿਆਰ ਅਤੇ ਤੇਜ਼” ਵੱਲ ਬਦਲ ਦਿੱਤਾ ਹੈ। ਜੈਵਿਕ ਖੇਤੀ ਵਿੱਚ, ਕਿਸਾਨਾਂ ਨੂੰ ਖਾਦ, ਕੀਟਨਾਸ਼ਕ, ਉੱਲੀਨਾਸ਼ਕ ਖੁਦ ਤਿਆਰ ਕਰਨੇ ਪੈਂਦੇ ਹਨ ਜਿਸ ਤੋਂ ਉਹ ਥੋੜ੍ਹੇ ਝਿਜਕਦੇ ਹਨ।

- ਜਿਵੇਂਕਿ ਜੈਵਿਕ ਖੇਤੀ ਇੱਕ ਰੋਕਥਾਮ ਵਾਲਾ ਤਰੀਕਾ ਹੈ, ਜੈਵਿਕ ਖੇਤੀ ਦੇ ਸ਼ੁਰੂਆਤੀ ਪੜਾਅ ਵਿੱਚ ਸਰਗਰਮੀ ਨਾਲ ਸਮੇਂ ਸਿਰ ਛਿੜਕਾਅ ਕਰਨਾ ਪੈਂਦਾ ਹੈ। ਇਸਲਈ ਸਪ੍ਰੇਆਂ ਦੀ ਗਿਣਤੀ (ਕੁਝ ਮਾਮਲਿਆਂ ਵਿੱਚ) ਵਧ ਸਕਦੀ ਹੈ। ਕਈ ਵਾਰ ਕਿਸਾਨਾਂ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ। ਇੱਕ ਵਾਰ ਜਦੋਂ ਸੰਕ੍ਰਮਣ ਕਾਬੂ ਤੋਂ ਬਾਹਰ ਹੋ ਜਾਂਦਾ ਹੈ ਤਾਂ ਜੈਵਿਕ ਖੇਤੀ ਦਾ ਨਾਮ ਦਾਅ ’ਤੇ ਲੱਗ ਜਾਂਦਾ ਹੈ।

- ਇਸ ਵਿੱਚ ਰਸਾਇਣਿਕ ਖੇਤੀ ਦੇ ਮੁਕਾਬਲੇ ਮਜਦੂਰਾਂ ਦੀ ਜ਼ਿਆਦਾ ਲੋੜ ਪੈਂਦੀ ਹੈ। ਇਹ ਉਹਨਾਂ ਸਥਾਨਾਂ ਲਈ ਸਮੱਸਿਆ ਹੈ ਜਿੱਥੇ ਜ਼ਮੀਨ ਜ਼ਿਆਦਾ ਹੈ ਪਰ ਮਜਦੂਰਾਂ ਦੀ ਕਮੀ ਹੈ।

- ਜੈਵਿਕ ਖੇਤੀ ਤੋਂ ਹੋਰ ਵੀ ਲਾਭ ਮਿਲਦਾ ਹੈ ਜੇਕਰ ਇਸ ਵਿੱਚ ਪਸ਼ੂ–ਪਾਲਣ ਨੂੰ ਵੀ ਸ਼ਾਮਿਲ ਕੀਤਾ ਜਾਵੇ। ਸਾਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ “ਇੱਕ ਉਦਯੋਗ ਦਾ ਕੂੜਾ ਦੂਜੇ ਲਈ ਵਰਦਾਨ ਹੈ।” ਸਭ ਕਿਸਾਨਾਂ ਕੋਲ ਪਸ਼ੂ ਨਹੀਂ ਹੁੰਦੇ। ਕਿਉਂਕਿ ਕਈ ਸਾਰੇ ਖਾਦ ਅਤੇ ਕੀਟਨਾਸ਼ਕ ਬਣਾਉਣ ਲਈ ਪਸ਼ੂਆਂ ਦੇ ਗੋਬਰ ਅਤੇ ਮੂਤਰ ਦੀ ਜਰੂਰਤ ਹੁੰਦੀ ਹੈ , ਬਾਹਰੋਂ ਖਰੀਦਣ ਨਾਲ ਖਰਚਾ ਵਧ ਜਾਂਦਾ ਹੈ।

**ਅਗਾਂਹ ਦਾ ਰਸਤਾ :** ਫਸਲ ਦੀ ਚੋਣ ਕਰਨ ਤੋਂ ਪਹਿਲਾਂ ਉਤਪਾਦ ਦੀ ਵਿਕਰੀ ਕਰਨ ਲਈ ਬਾਜ਼ਾਰ ਦੀ ਪਛਾਣ ਕਰਨਾ ਜਰੂਰੀ ਹੈ।

ਜੇਕਰ ਕਿਸਾਨ ਮੰਡੀ ਵਿੱਚ ਆਪਣੀ ਫ਼ਸਲ ਵੇਚਣਾ ਚਾਹੁੰਦਾ ਹੈ ਤਾਂ ਜੈਵਿਕ ਖੇਤੀ ਉਪਰ ਆਪਣੇ ਕੀਮਤੀ ਯਤਨ ਖਰਾਬ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਆਪਣੇ ਉਤਪਾਦ ਲਈ ਮੰਡੀ ਦੀ ਪਛਾਣ ਅਤੇ ਤੈਅ ਕਰਨਾ ਅੱਧੀ ਲੜਾਈ ਜਿੱਤਣ ਵਾਲੀ ਗੱਲ ਹੈ।

ਜੈਵਿਕ ਖੇਤੀ ਸ਼ੁਰੂ ਕਰਨ ਤੋਂ ਪਹਿਲਾਂ ਕਿਸਾਨ ਨੂੰ ਜੈਵਿਕ ਦ੍ਰਿਸ਼ਟੀਕੋਣ ਤੋਂ ਉਤਪਾਦਨ ਦਾ ਵਿਗਿਆਨ ਸਮਝਣਾ ਚਾਹੀਦਾ ਹੈ। ਮਿੱਟੀ, ਫਸਲ, ਉਪਲਬਧ ਸ੍ਰੋਤਾਂ ਦਾ ਅਧਿਐਨ ਕਰਨ ਦੀ ਜ਼ੋਰਦਾਰ ਸਿਫਾਰਿਸ਼ ਕੀਤੀ ਜਾਂਦੀ ਹੈ। ਕਿਸੇ ਹੋਰ ਕਿਸਾਨ ਦਾ ਪ੍ਰੈਕਟਿਸ ਪੈਕੇਜ ਆਪਣੇ ਖੇਤ ਵਿੱਚ ਇੰਨ-ਬਿੰਨ ਲਾਗੂ ਕਰਨ ਨੂੰ ਕੋਰੀ ਮਨਾਹੀ ਹੈ। ਕਿਸਾਨਾਂ ਨੂੰ ਆਪਣੇ ਖੇਤਰ ਵਿੱਚ ਉਪਲਬਧ ਸ੍ਰੋਤਾਂ ਅਤੇ ਵਾਤਵਰਣ ਦੇ ਹਿਸਾਬ ਨਾਲ ਤਰੀਕਿਆਂ ਵਿੱਚ ਲੋੜੀਂਦੀਆਂ ਤਬਦੀਲੀਆਂ ਕਰਕੇ ਹੀ ਖੇਤ ਵਿੱਚ ਵਰਤਣੇ ਚਾਹੀਦੇ ਹਨ। ਕਿਸਾਨਾਂ ਨੂੰ ਇਹਨਾਂ ਸਭ ਬਿੰਦੂਆਂ ਦਾ ਅਧਿਐਨ ਕਰਨ ਤੋਂ ਬਾਅਦ ਛੋਟੇ ਹਿੱਸੇ ਵਿੱਚ ਜੈਵਿਕ ਖੇਤੀ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਹੌਲੀ-ਹੌਲੀ ਇਸਨੂੰ ਵਧਾਉਣਾ ਚਾਹੀਦਾ ਹੈ।

ਗਿਆਨ ਅਤੇ ਸ੍ਰੋਤਾਂ ਦੇ ਆਦਾਨ ਪ੍ਰਦਾਨ ਲਈ ਕਿਸਾਨਾਂ ਦਾ ਸਮੂਹ ਬਣਉਣਾ ਬਹੁਤ ਵਧੀਆ ਉਪਾਅ ਹੈ। ਇਸ ਨਾਲ ਉਹਨਾਂ ਨੂੰ ਖਰੀਦ-ਵੇਚ ਦੀ ਸ਼ਕਤੀ ਵੀ ਮਿਲਦੀ ਹੈ।


ਜੇਕਰ ਇੱਕ ਸਮੇਂ ਆਪਾਂ ਜੈਵਿਕ ਖੇਤੀ ਤੋਂ ਮਿਲਣ ਵਾਲੇ ਅਸਿੱਧੇ ਲਾਭ ਜਿਵੇਂ ਮਿੱਟੀ ਵਿੱਚ ਸੁਧਾਰ, ਪਾਣੀ ਵਿੱਚ ਸੁਧਾਰ, ਮਨੁੱਖੀ ਸਿਹਤ ਨੂੰ ਲਾਭ ਆਦਿ ਨੂੰ ਅਣਡਿੱਠਾ ਵੀ ਕਰ ਦੇਈਏ ਤਾਂ ਵੀ ਇਸਦੀ ਵਧੀਆ ਕੀਮਤ ਮਿਲਣ ਕਰਕੇ ਇਸਦੇ ਸਿੱਧੇ ਆਰਥਿਕ ਨਾਭ ਜ਼ਿਆਦਾ ਹਨ। ਸਭ ਤੋਂ ਪਹਿਲਾਂ ਕਿਸਾਨਾਂ ਨੂੰ ਇਸਦੇ ਆਰਥਿਕ ਪੱਖ ਬਾਰੇ ਯਕੀਨ ਦਿਵਾਉਣਾ ਜ਼ਰੂਰੀ ਹੈ। ਅਸਿੱਧੇ ਲਾਭ ਕਿਸਾਨ ਲਈ ਬੋਨਸ ਵਾਂਗ ਹਨ।

ਹੁਣ ਸਮਾਂ ਆ ਗਿਆ ਹੈ ਜਦੋਂ ਤੇਜ਼ ਅਤੇ ਤਿਆਰ ਦ੍ਰਿਸ਼ਨਟੀਕੋਣਾਂ ਨੂੰ ਤਿਆਗਿਆ ਜਾਵੇ ਅਤੇ ਆਰਥਿਕਤਾ ਅਤੇ ਵਾਤਵਰਣ ਸਥਿਰਤਾ ਦੀਆਂ ਬਦਲਦੀਆਂ ਲੋੜਾਂ ਪ੍ਰਤਿ ਉਚਿਤ ਜਵਾਬ ਦਿੱਤਾ ਜਾਵੇ। ●

**ਰੋਹਨ ਯੋਗੇਸ਼ ਰਾਊਤ**
63, ਮੀਰੇ -ਲੇ- ਆਊਟ, ਸੁਦਾਮਾਪੁਰੀ,
ਸੱਕਰਦਾਰਾ ਸਕੋਏਅਰ, ਨਾਗਪੁਰ - 440009
**ਈਮੇਲ :** raut.rohan1@gmail.com

**Transitioning towards organic farming**
**LEISA INDIA, March 2021**

**LEISA INDIA Language Editions**



**Kannada, Telugu, Tamil, Oriya, Hindi, Marathi, Punjabi**

# ਨਾਰੀਅਲ ਦੇ ਕੀਟਾਂ ਦਾ ਜੈਵ ਪ੍ਰਬੰਧਨ

## ਵੱਡੇ ਪੱਧਰ ’ਤੇ ਅਪਣਾਉਣ ਦੀ ਸਮਾਜਿਕ ਪ੍ਰਕ੍ਰਿਆ

*ਅਨੀਤਾ ਕੁਮਾਰੀ ਪੀ*

**ਸਕ੍ਰਿਅ ਸਮੁਦਾਇਕ ਭਾਗੀਦਾਰੀ ਦੇ ਨਾਲ ਵਿਅਕਤੀਗਤ ਪੱਧਰ ਤੋਂ ਸਮੁਦਾਇਕ ਪੱਧਰ ਤੱਕ ਵਿਸਤਾਰ ਦ੍ਰਿਸ਼ਟੀਕੋਣ ਵਿੱਚ ਆਦਰਸ਼ ਬਦਲਾਅ ਦੀ ਜਰੂਰਤ ਹੈ। ਅਜਿਹੇ ਖਾਸ ਵਿਸਤਾਰ ਦ੍ਰਿਸ਼ਟੀਕੋਣ ਤਕਨੀਕ ਨੂੰ ਅਪਣਾਉਣ, ਤਕਨੀਕ ਵਿੱਚ ਸੁਧਾਰ ਦੀ ਗੁੰਜਾਇਸ਼, ਤਕਨੀਕ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਅਤੇ ਤਕਨੀਕ ਦੇ ਤੇਜ਼ ਪ੍ਰਸਾਰ ਨੂੰ ਵਧਾ ਸਕਦੇ ਹਨ।**

ਨਾਰੀਅਲ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਫਸਲ ਹੈ ਜੋ ਉਹਨਾਂ ਦੀ ਜ਼ਮੀਨ ਉੱਪਰ ਲਗਾਤਾਰ ਉਗਾਇਆ ਜਾਂਦਾ ਹੈ। ਫਸਲ ਪ੍ਰਬੰਧਨ ਮੁੱਖ ਤੌਰ ’ਤੇ ਕਿਸਾਨ ਤੋਂ ਕਿਸਾਨ ਪਹੁੰਚ ਉੱਪਰ ਨਿਰਭਰ ਹੈ ਕਿਉਂਕਿ ਰਵਾਇਤੀ ਵਿਸਤਾਰ ਪ੍ਰਣਾਲੀ ਨੇ ਸ਼ਾਇਦ ਹੀ ਕਦੇ ਪ੍ਰਸੰਗਿਕ ਲੋੜਾਂ, ਕਿਸਾਨਾਂ ਦੇ ਬਾਗਾਂ ਵਿੱਚ ਪ੍ਰਬੰਧਨ ਦੀ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਲੋੜ ਆਧਾਰਿਤ ਵਿਤਰਣ ਤੰਤਰ ਉੱਪਰ ਧਿਆਨ ਦਿੱਤਾ ਹੋਵੇ।

ਬਲੈਕ ਬੀਟਲ ਜਿਸਨੂੰ ਆਪਣੀ ਸਿੰਗ ਜਿਹੀ ਸਰੰਚਨਾ ਕਾਰਨ ਰਾਈਨੋਸੇਰੋਸ ਬੀਟਲ ਵੀ ਕਿਹਾ ਜਾਂਦਾ ਹੈ, ਨਾਰੀਅਲ ਦੇ ਦਰੱਖਤਾਂ ਵਿੱਚ ਵਾਧੇ ਦੀ ਹਰ ਅਵਸਥਾ ਤੇ ਹਮਲਾ ਕਰਨ ਵਾਲਾ ਇੱਕ ਮੁੱਖ ਕੀਟ ਹੈ। ਹਿਹ ਬੀਟਲ ਕਿਸਾਨ ਦੇ ਖੇਤਾਂ ਵਿੱਚ ਨਾਰੀਅਲ ਦੀ ਪਨੀਰੀ ਉੱਪਰ ਹਮਲਾ ਕਰਕੇ 25 ਤੋਂ 48 ਪ੍ਰਤੀਸ਼ਤ ਅਤੇ ਨਾਰੀਅਲ ਵਿੱਚ ਫਲ ਆਉਣ ਤੋਂ ਪਹਿਲਾਂ ਅਤੇ ਬਾਅਦ , ਦੋਵਾਂ ਅਵਸਥਾਵਾਂ ਵਿੱਚ 23-23 ਪ੍ਰਤੀਸ਼ਤ ਤੱਕ ਨੁਕਸਾਨ ਕਰ ਦਿੰਦੀ ਹੈ। ਇਸਦਾ ਮੁੱਖ ਲੱਛਣ ਨਾਰੀਅਲ ਦੇ ਪੱਤਿਆਂ ਉੱਪਰ ਅੰਗ੍ਰੇਜ਼ੀ ਦੇ ‘ਵੀ’ ਅੱਖਰ ਵਾਂਗ ਕਟਿੰਗ ਦਾ ਨਜਰ ਆਉਣਾ ਹੈ। ਇਸ ਹਮਲੇ ਦੇ ਨਤੀਜੇ ਵਜੋਂ ਪਨੀਰੀ ਦਾ ਬੜਾ ਨੁਕਸਾਨ ਹੁੰਦਾ ਹੈ ਅਤੇ ਫਲ ਦੇ ਉਤਪਾਦਨ ਵਿੱਚ 10 ਪ੍ਰਤੀਸ਼ਤ ਤੱਕ ਦੀ ਕਮੀ ਆ ਜਾਂਦੀ ਹੈ। ਅਜਿਹੇ ਮੌਕੇ ਹਮਲੇ ਵਾਲੇ ਖੇਤਰ ਵਿੱਚ ਕਿਸਾਨਾਂ ਦੇ ਮਿਲ ਕੇ ਕੰਮ ਕਰਨ ਦੀ ਲੋੜ ਪੈਂਦੀ ਹੈ। ਅੰਕੜੇ ਦਿਖਾਉਂਦੇ ਹਨ ਕਿ ਇਸ ਬਲੈਕ ਬੀਟਲ ਨੂੰ ਨਿਯੰਤ੍ਰਿਤ ਕਰਨ ਲਈ ਕਿਸਾਨਾਂ ਵਿੱਚ ਜੈਵਿਕ ਤਰੀਕਿਆਂ ਬਾਰੇ ਜਾਗਰੂਕਤਾ ਅਤੇ ਵਰਤੋਂ ਦੀ ਕਾਫ਼ੀ ਕਮੀ ਹੈ।

ਸਮੁਦਾਇ ਦੇ ਨਾਲ ਭਾਗੀਦਾਰੀ ਵਿਸ਼ਲੇਸ਼ਣ ਵਿੱਚ ਇਹ ਸਾਹਮਣੇ ਆਇਆ ਕਿ ਕਿਸਾਨਾਂ ਨੂੰ ਇਸ ਕੀਟ ਨੂੰ ਨਿਯੰਤ੍ਰਿਤ ਕਰਨ ਲਈ ਘੱਟ ਕੀਮਤ, ਸੁਰੱਖਿਅਤ, ਵਾਤਾਵਰਣ ਪੱਖੀ ਅਤੇ ਜੈਵਿਕ ਤਰੀਕੇ ਚਾਹੀਦੇ ਹਨ। ਇਸਦੇ ਕਾਰਨ ਅੱਗੇ ਦਿੱਤੇ ਗਏ ਹਨ:-

- ਨਾਰੀਅਲ ਦੇ ਹਰ ਖੇਤ ਵਿੱਚ ਇਹ ਕੀਟ ਮੌਜੂਦ ਹੈ।
- ਨਾਰੀਅਲ ਦੇ ਰੁੱਖ ਲੰਬੇ ਹੁੰਦੇ ਹਨ ਅਤੇ ਇਸਦੇ ਸਿਖਰ ’ਤੇ ਚੜ੍ਹਨ ਲਈ ਕੁਸ਼ਲ ਆਦਮੀ ਦੀ ਲੋੜ ਹੁੰਦੀ ਹੈ ਜੋ ਕਿ ਨਾਰੀਅਲ ਤੋੜ ਸਕੇ, ਇਸਦੀ ਸਫ਼ਾਈ ਕਰ ਸਕੇ ਅਤੇ ਇਸਦੇ ਨਾਲ ਹੀ ਜੇ ਰੁੱਖ ਨੂੰ ਕਿਸੇ ਕੀਟ ਦੇ ਹਮਲੇ ਤੋਂ ਬਚਾਉਣਾ ਹੈ ਤਾਂ ਉਸ ਲਈ ਸਪ੍ਰੇਅ ਕਰ ਸਕੇ।
- ਮੌਜੂਦਾ ਵਿਸਤਾਰ ਵਿਧੀ ਕਿਸਾਨਾਂ ਨੂੰ ਤਕਨੀਕ ਅਪਣਾਉਣ ਵਾਲੀ ਇੱਕ ਵਿਅਕਤੀਗਤ ਇਕਾਈ ਵਜੋਂ ਦੇਖਦੀ ਹੈ ਨਾ ਕਿ ਇੱਕ ਸਮੂਹ ਵਜੋਂ।
- ਜੈਵ ਉਤਪਾਦ ਵੀ ਪੂਰੀ ਤਰ੍ਹਾ ਉਪਲਬਧ ਨਹੀਂ ਹਨ ਇਸਲਈ ਕਿਸਾਨਾਂ ਵਿੱਚ ਇਸ ਸੰਬੀ ਜਾਣਕਾਰੀ ਅਤੇ ਜਾਗਰੂਕਤਾ ਦੀ ਵੀ ਕਮੀ ਹੈ।

ਕਿਸਾਨਾਂ ਵਿਚਕਾਰ ਕਈ ਦੇਸੀ ਤਰੀਕੇ ਮੌਜੂਦ ਸਨ ਜੋ ਕਿ ਉਹ ਵਰਤਦੇ ਸਨ ਕਿਉਂਕਿ ਇਹ ਨਾਰੀਅਲ ਅਤੇ ਬਲੈਕ ਬੀਟਲ ਹਮੇਸ਼ਾ ਤੋਂ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇਸ ਲਈ ਕਿਸਾਨਾਂ ਕੋਲ ਇਹਨਾਂ ਨੂੰ ਨਿਯੰਤ੍ਰਿਤ ਕਰਨ ਲਈ ਆਪਣੇ ਦੇਸੀ ਤਰੀਕੇ ਸਨ। ਦੇਸੀ ਤਰੀਕੇ ਜਿਵੇਂ ਭਾਂਟ ਨਾਂ ਦੇ ਨਦੀਨ ਨੂੰ ਗੋਬਰ ਦੀ ਖਾਦ ਵਿੱਚ, ਕੰਪੋਸਟ ਵਿੱਚ, ਨਾਰੀਅਲ ਦੀਆਂ ਜਟਾਂ ਦੇ ਢੇਰ ਵਿੱਚ ਮਿਲਾ ਦੇਣਾ ਕਿਉਂਕਿ ਇਹ ਸਭ ਬੀਟਲ ਦੇ ਪ੍ਰਜਣਨ ਸਥਾਨ ਹਨ, ਧਾਂਤ ਦੀ ਹੁੱਕ ਵਿੱਚ ਬੀਟਲ ਨੂੰ ਫਸਾਉਣਾ, ਸਾਲ ਵਿੱਚ ਤਿੰਨ ਵਾਰ ਦਾਣੇਦਾਰ ਨਮਕ, ਸੁਆਹ ਅਤੇ ਰੇਤ ਨੂੰ ਬਰਾਬਰ ਮਾਤਰਾ ਵਿੱਚ ਲੈ ਕੇ ਇਸ ਮਿਸ਼ਰਣ ਨੂੰ ਪੱਤਿਆਂ ਦੇ ਧੁਰੇ ’ਤੇ ਲਗਾਉਣਾ ਆਦਿ ਪਹਿਲਾਂ ਵਾਲੇ ਕਿਸਾਨਾਂ ਦੁਆਰਾ ਵਰਤੇ ਜਾਂਦੇ ਸਨ ਜਿਸਦੇ ਚੰਗੇ ਨਤੀਜੇ ਮਿਲਦੇ ਸਨ। ਵਰਤਮਾਨ ਵਿੱਚੋਂ ਇਹਨਾਂ ਵਿੱਚੋਂ ਕੋਈ ਤਰੀਕਾ ਨਹੀਂ ਵਰਤਿਆ ਜਾਂਦਾ। ਆਈ ਸੀ ਏ ਆਰ ਅਤੇ ਸੈਂਟਰਲ ਪਲਾਂਟੇਸ਼ਨ ਕਰਾਪਸ ਰਿਸਰਚ ਇੰਸਟੀਚਿਊਟ ਦੇ ਖੇਤੀ ਵਿਸਤਾਰ ਵਿਗਿਆਨਕਾਂ ਦੁਆਰਾ

ਇਸ ਬੀਟਲ ਦੇ ਜੈਵ-ਪ੍ਰਬੰਧਨ ਲਈ ਖੇਤਰ ਅਨੁਸਾਰ ਸਮੁਦਾਇਕ ਵਿਸਤਾਰ ਪਹੁੰਚ ਦੇ ਕੁਸ਼ਲ, ਵਿਹਾਰਕ ਅਤੇ ਵਿਸਤਾਰਿਤ ਕੀਤੇ ਜਾ ਸਕਣ ਵਾਲੇ ਮਾਡਲ ਨੂੰ ਵਿਕਸਿਤ ਕਰਨ ਲਈ ਇੱਕ ਲੋੜ ਆਧਾਰਿਤ ਸਮਾਜਿਕ ਪ੍ਰਯੋਗ ਵਿਕਸਿਤ ਕੀਤਾ ਗਿਆ।


## ਭਾਗੀਦਾਰੀ ਆਧਾਰਿਤ ਵਿਸਤਾਰ:

ਸਭ ਤੋਂ ਪਹਿਲਾਂ 2007 ਵਿੱਚ ਅਲੱਪੁਜ਼ਾ ਜਿਲ੍ਹੇ ਵਿੱਚ ਦੋ ਪੰਚਾਇਤਾਂ ਵਿੱਚ ਨਾਰੀਅਲ ਦੇ ਕਿਸਾਨਾਂ ਵਿਚਕਾਰ ਗ੍ਰੀਨ ਮਸਕਾਡਿਰਨ ਫੰਗਸ ਦੀ ਵਰਤੋਂ ਵਿੱਚ ਸੁਧਾਰ ਕਰਨ ਲਈ ਵਿਸਤਾਰ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਪਰ ਇਸਦਾ ਨਤੀਜਾ ਖਰਾਬ ਖੇਤ



*ਗ੍ਰੀਨ ਮਸਕਾਡਿਰਨ ਫੰਗਸ ਦਾ ਯੂਨਿਟ ਵਿੱਚ ਉਤਪਾਦਨ*

ਪ੍ਰਤੀਕ੍ਰਿਆਵਾਂ  ਅਤੇ ਐਫ ਐਲ ਪੀ ਯੂਨਿਟਾਂ ਦੇ ਫੇਲ੍ਹ ਹੋਣ ਦੇ ਰੂਪ ਵਿੱਚ ਸਾਹਮਣੇ ਆਇਆ।  ਇਸ ਤੋਂ ਬਾਅਦ 2008 ਵਿੱਚ, ਇੱਕ ਯੋਗ ਵਿਅਕਤੀ ਅਧੀਨ ਫੀਲਡ ਪੱਧਰੀ ਉਤਪਾਦਨ ਯੂਨਿਟ (ਐਫ ਐਲ ਪੀ) ਸ਼ੁਰੂ ਕੀਤੀ ਗਈ ਪਰ ਇਹ ਵੀ ਟਿਕ ਨਹੀ ਸਕੀ।  1500 ਹੈਕਟੇਅਰ ਖੇਤਰ ਵਿੱਚ ਬੀਟਲ ਦੀ ਬ੍ਰੀਡਿੰਗ ਵਾਲੀ ਜਗ੍ਹਾ ਨੂੰ ਖਤਮ ਕਰਨ ਲਈ ਵੱਡੀ ਮੁਹਿੰਮ ਚਲਾਈ ਗਈ ਜੋ ਕਿ ਬਹੁਤ ਸਮਾਂ ਖਾਣ



***ਏ ਡਬਲਿਊ ਸੀ ਏ ਖੇਤਰ ਵਿੱਚ ਸੰਕਰਮਿਤ ਬੀਟਲ ਦਾ ਲਾਰਵਾ***

ਵਾਲੀ ਅਤੇ ਘੱਟ ਕੁਸ਼ਲਤਾ ਵਾਲੀ ਸਿੱਧ ਹੋਈ। ਜੈਵ ਏਜੰਟ ਦੀ ਨਾਕਾਫ਼ੀ ਉਪਲਬਧਤਾ ਅਤੇ ਪੂਰਾ ਖੇਤਰ ਕਵਰ ਕਰਨ ਦੀ ਅਸਮਰੱਥਤਾ ਇਹ ਦੋ ਸਮੱਸਿਆਵਾਂ ਦੇਖੀਆਂ ਗਈਆਂ।

**ਸਾਮਾਜਿਕ ਪ੍ਰਕ੍ਰਿਆ ਦੇ ਤਿੰਨ ਸ਼ੁਰੂਆਤੀ ਪੜਾਅ ਹੇਠ ਲਿਖੇ ਅਨੁਸਾਰ ਅਪਨਾਏ ਗਏ-**

**ਪਹਿਲਾ ਪੜਾਅ** - ਪੇਂਡੂ ਮਹਿਲਾ ਕਿਸਾਨ ਸਵੈ ਸਹਾਇਤਾ ਸਮੂਹਾਂ ਨੂੰ ਸ਼ਾਮਿਲ ਕਰਕੇ ਭਾਗੀਦਾਰੀ ਪ੍ਰੋਗਰਾਮ ਲਾਗੂ ਕਰਨਾ ਅਤੇ ਖੇਤ ਆਧਾਰਿਤ ਆਫ ਕੈਂਪਸ ਪ੍ਰੋਗਰਾਮਾਂ ਦੁਆਰਾ ਬੀਟਲ ਨੂੰ ਨਿਯੰਤ੍ਰਿਤ ਕਰਨ ਲਈ ਆਈ ਪੀ ਐਮ  (ਏਕੀਕ੍ਰਿਤ ਕੀਟ ਨਿਯੰਤ੍ਰਣ) ਦੀਆਂ ਤਕਨੀਕਾਂ ਬਾਰੇ ਜਾਣਕਾਰੀ ਦੇਣਾ। ਉਹਨਾਂ ਦਾ ਆਤਮਵਿਸ਼ਵਾਸ ਬਣਾਉਣ ਲਈ ਇਹਨਾਂ ਤਕਨੀਕਾਂ ਦੇ ਪ੍ਰਭਾਵ ਨੂੰ ਦਿਖਾ ਕੇ ਯਕੀਨ ਦਿਵਾਇਆ ਗਿਆ ਅਤੇ ਉਹਨਾਂ ਨੂੰ ਆਪਣੀ ਮਰਜ਼ੀ ਨਾਲ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ। ਉਹ ਕਿਸਾਨਾਂ ਦੇ ਨਾਰੀਅਲ ਦੇ ਖੇਤਾਂ ਵਿੱਚ ਇਸ ਤਕਨੀਕ ਦੇ ਪ੍ਰਦਰਸ਼ਨ ਦੀ ਹਰ ਅਵਸਥਾ ਵਿੱਚ ਸ਼ਾਮਿਲ ਰਹੀਆਂ।

**ਦੂਸਰਾ ਪੜਾਅ** - ਪਿੰਡ ਦੀਆਂ ਪੜ੍ਹੀਆਂ-ਲਿਖੀਆਂ ਮਹਿਲਾਵਾਂ ਨੂੰ ਸ਼ਾਮਿਲ ਕਰਕੇ ਖੇਤ ਪੱਧਰੀ ਮੈਟਾਰਿਜ਼ੀਅਮ ਦਾ ਉਤਪਾਦਨ (ਐਫ ਐਲ ਪੀ) ਦਾ ਵਿਕੇਂਦ੍ਰਿਤ ਮਾਡਲ ਵਿਕਸਿਤ ਕਰਨ ਲਈ  ਲੋਕਾਂ ਦੇ ਪ੍ਰਤਿਨਿਧੀਆਂ ਨਾਲ ਗੱਲਬਾਤ ਸ਼ੁਰੂ ਕੀਤੀ ਗਈ ਜਿਸਦੇ ਲਈ ਪੰਚਾਇਤ ਦੇ ਖੇਤੀਬਾੜੀ ਅਧਿਕਾਰੀਆਂ ਦੁਆਰਾ ਸਹਿਯੋਗ ਕੀਤਾ ਗਿਆ। ਮਹਿਲਾ ਸਵੈ ਸਹਾਇਤਾ ਸਮੂਹਾਂ ਦਾ ਸਭ ਤੋਂ ਬਹੁਮੁੱਲਾ ਅਤੇ ਮਹੱਤਵਪੂਰਨ ਯੋਗਦਾਨ ਮਹਿਲਾਵਾਂ ਦੇ ਰੂਪ ਵਿੱਚ ਭਾਗੀਦਾਰੀ ਵਿਸ਼ਲੇਸ਼ਣ, ਕ੍ਰਾਸ ਸਿਖਲਾਈ ਅਤੇ ਵਿਹਾਰਕ ਵਿਚਾਰ ਪ੍ਰਕ੍ਰਿਆ ਰਾਹੀ ਘੱਟ ਲਾਗਤ ਦੀ ਗੁਣਨ ਪ੍ਰਕ੍ਰਿਆ ਦਾ ਸੁੰਦਰ ਅਤੇ ਸਧਾਰਨ ਸੁਧਾਰ ਸੀ।

**ਤੀਸਰਾ ਪੜਾਅ** - ਆਈ ਸੀ ਏ ਆਰ-ਸੀ ਪੀ ਸੀ ਆਰ ਆਈ ਦੇ ਵਿਗਿਆਨਕਾਂ ਦੇ ਸਹਿਯੋਗ ਅਤੇ ਨਿਗਰਾਨੀ ਹੇਠ ਜੀ ਐਮ ਐਫ ਦਾ ਉਤਪਾਦਨ ਅਤੇ ਗੁਣਾ ਕਰਨਾ।  ਖੇਤੀਬਾੜੀ ਅਧਿਕਾਰੀਆਂ, ਮਹਿਲਾ ਲੀਡਰਾਂ ਅਤੇ ਸਥਾਨਕ ਸਵੈ ਸਰਕਾਰ ਦੁਆਰਾ ਨਿਭਾਈ ਗਈ ਅਗਵਾਈ ਅਤੇ ਸਹਾਇਕ ਭੂਮਿਕਾ ਨੇ ਇਸ ਸਮਾਜਿਕ ਮਾਡਲ ਦੀ ਸਥਿਰਤਾ ਵਿੱਚ ਆਪਣੀ ਭੂਮਿਕਾ ਨਿਭਾਈ।

ਇਹ ਭਾਗੀਦਾਰੀ ਵਿਸਤਾਰ ਪ੍ਰੋਗਰਾਮ ਕੇਰਲ ਸੂਬੇ ਦੇ ਤਿਰੂਵੰਤਾਪੁਰਮ ਜਿਲ੍ਹੇ ਦੇ ਏਦਾਵਾ ਪਿੰਡ ਵਿੱਚ ਛੋਟੇ ਪੈਮਾਨੇ 'ਤੇ ਟੈਸਟ ਕੀਤਾ ਗਿਆ ਜਿਸ ਵਿੱਚ 5465 ਨਾਰੀਅਲ ਦੀ ਖੇਤੀ ਕਰਨ ਵਾਲੇ ਕਿਸਾਨ, 520 ਹੈਕਟੇਅਰ ਖੇਤਰ ਅਤੇ 110143 ਰੁੱਖ ਸ਼ਾਮਲ ਕੀਤੇ

ਗਏ। ਏਦਾਵਾ ਪਿੰਡ ਪੰਚਾਇਤ ਦੀ ਖੇਤੀਬਾੜੀ ਅਧਿਕਾਰੀ ਸ਼੍ਰੀਮਤੀ ਤੇਜਸਵੀ , ਜਿਸਨੇ ਇੱਕ ਟੀਮ ਵਜੋਂ ਇਸ ਪ੍ਰੋਗਰਾਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਦੱਸਦੇ ਹਨ, "ਨਾਰੀਅਲ ਇਸ ਪੰਚਾਇਤ ਦੀ ਜਿੰਦਗੀ ਦੀ ਸ਼ਾਹਰਗ ਹੈ। ਆਈ ਸੀ ਏ ਆਰ ਅਤੇ ਸੀ ਪੀ ਸੀ ਆਰ ਆਈ ਦੇ ਇਸ ਸਮਾਜਿਕ ਖੋਜ ਪ੍ਰਕ੍ਰਿਆ ਵਿੱਚ ਹਿੱਸਾ ਲੈ ਕੇ ਅਸੀ ਮਾਣ ਮਹਿਸੂਸ ਕਰਦੇ ਹਾਂ ਅਤੇ ਇਸਦੇ ਨਾਲ ਹੀ ਇਸ ਵਿਸਤਾਰ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਵੀ ਸਾਨੂੰ ਹੋਰ ਜਾਣਕਾਰੀ ਮਿਲੀ ਹੈ। ਮੈਂ ਇਹ ਵਿਸ਼ਵਾਸ ਨਾਲ ਕਹਿ ਸਕਦੀ ਹਾਂ ਕਿ ਵਿਸਤਾਰ ਏਜੰਸੀਆਂ ਦੇ ਨਾਲ ਵਧਦੀ ਭਾਗੀਦਾਰੀ ਅਤੇ ਆਪਸੀ ਸਿੱਖ ਖੋਜ ਸੰਸਥਾਨਾਂ ਵਿੱਚ ਵਿਕਸਿਤ ਤਕਨੀਕਾਂ ਦੀ ਕੁਸ਼ਲਤਾ ਅਤੇ ਉਪਯੋਗਿਤਾ ਨੂੰ ਵਧਾਉਂਦੀ ਹੈ। ਇਸ ਭਾਗੀਦਾਰੀ ਸਮਾਜਿਕ ਖੋਜ ਦਾ ਸਭ ਤੋਂ ਜਰੂਰੀ ਸੁਨੇਹਾ ਇਹ ਰਿਹਾ ਕਿ ਖੋਜਾਂ ਸਮੁਦਾਇ ਦੇ ਵਿਕਾਸ ਦੀ ਕੁੰਜੀ ਹਨ ਅਤੇ ਮਹਿਲਾ ਕਿਸਾਨ ਏਨੀਆ ਕੁ ਸਮਰੱਥ ਹਨ ਕਿ ਉਹ ਤਕਨੀਕਾਂ ਵਿੱਚ ਸਰਲ ਬਦਲਾਅ ਕਰਕੇ ਸੁਧਾਰ ਕਰ ਸਕਣ ਅਤੇ ਤੇਜ਼ ਅਤੇ ਪ੍ਰਭਾਵੀ ਤਕਨੀਕ ਵਿਤਰਣ ਵਿੱਚ ਹਿੱਸਾ ਪਾ ਸਕਣ।"

**ਦਖਲ:**

ਇਸ ਪ੍ਰੋਜੈਕਟ ਵਿੱਚ ਸਮੁਾਇਕ ਪੱਧਰ 'ਤੇ ਜਾਗਰੂਕਤਾ ਅਤੇ ਕਾਰਵਾਈ, ਸਮੂਹ ਦੀਆਂ ਕੋਸ਼ਿਸ਼ਾਂ ਨੂੰ ਇੱਕਜੁੱਟ ਕਰਨਾ, ਵਿਸਤਾਰ ਏਜੰਸੀਆਂ ਨਾਲ ਜੋੜਨਾ, ਜੈਵ ਏਜੰਟਾਂ ਦੇ ਉਤਪਾਦਨ ਦਾ ਵਿਕੇਂਦ੍ਰੀਕਰਨ, ਭਾਗੀਦਾਰੀ ਨਿਗਰਾਨੀ ਅਤੇ ਸੋਧਿਤ ਤਕਨੀਕ ਤੱਕ ਪਹੁੰਚ ਲਈ ਮਹਿਲਾ ਸਮੂਹਾਂ ਨੂੰ ਇਕੱਠਾ ਕਰਨਾ ਆਦਿ ਸ਼ਾਮਿਲ ਸੀ।

ਕਿਸਾਨਾਂ ਨੂੰ ਇਸ ਵਿੱਚ ਸ਼ਾਮਿਲ ਕਰਨ ਲਈ ਅਤੇ ਜਾਗਰੂਕਤਾ ਲਿਆਉਣ ਲਈ ਮੁਹਿੰਮ ਚਲਾਈ ਗਈ। ਗੋਬਰ ਖਾਦ ਦੀ ਪਿੱਟ, ਵਰਮੀ ਕੰਪੋਸਟ ਪਿੱਟ, ਨਾਰੀਅਲ ਦੇ ਛਿੱਲੜਾਂ ਦੀ ਖਾਦ ਦੀ ਪਿੱਟ ਆਦਿ ਜਿੱਥੇ ਵੀ ਬੀਟਲ ਪ੍ਰਜਣਨ ਕਰ ਸਕਦੀ ਸੀ, ਉੱਥੇ ਜੀ ਐਮ ਐਫ (ਫੰਗਸ) ਮਿਲਾਈ ਗਈ ਤਾਂਕਿ ਉਸਦੀ ਆਬਾਦੀ ਨੂੰ ਘਟਾਇਆ ਜਾ ਸਕੇ। ਇਸ ਫੰਗਸ ਦੇ ਛਿੜਕਾਅ ਤੋਂ ਇੱਕ ਹਫ਼ਤੇ ਦੇ ਅੰਦਰ-ਅੰਦਰ ਲਾਰਵੇ ਸੰਕ੍ਰਮਿਤ ਹੋ ਗਏ ਅਤੇ ਪਤੰਗਿਆਂ ਨੂੰ ਥੋੜ੍ਹਾ ਵੱਧ ਸਮਾਂ ਲੱਗਿਆ। ਇਹ ਫੰਗਸ ਗੰਡੋਇਆ ਨੂੰ ਕੋਈ ਨਕਸਾਨ ਨਹੀਂ ਪਹੁੰਚਾਉਂਦੀ। ਇਸ ਨੂੰ ਲਾਗੂ ਕਰਨ ਵਿੱਚ ਦੋ ਵੱਡੀਆਂ ਮੁਸ਼ਕਿਲਾਂ ਸਨ- ਪਹਿਲੀ, ਫੰਗਸ ਲੋੜੀਂਦੀ ਮਾਤਰਾ ਵਿੱਚ ਉਪਲਬਧ ਨਹੀਂ ਸੀ ਅਤੇ ਦੂਸਰੀ ਕਿਸਾਨਾਂ ਵਿੱਚ ਇਸ ਤਕਨੀਕ ਨੂੰ ਲੈ ਕੇ ਜਾਣਕਾਰੀ ਦੀ ਘਾਟ। ਸਿਖਲਾਈ ਪ੍ਰਾਪਤ ਮਹਿਲਾ ਸਮੂਹਾਂ ਦੁਆਰਾਂ ਪਿੰਡ ਪੱਧਰ 'ਤੇ ਹੀ ਫੰਗਸ ਦਾ ਉਤਪਾਦਨ ਸ਼ੁਰੂ ਕੀਤਾ ਗਿਆ। ਸਮੇਂ-ਸਮੇਂ ਸਿਰ ਇਹਨਾਂ ਸਮੂਹਾਂ ਦੀ ਟ੍ਰੇਨਿੰਗ ਕੀਤੀ ਗਈ ਤਾਂਕਿ ਉਹਨਾਂ ਦੀ ਕੁਸ਼ਲਤਾ ਵਧ ਸਕੇ ਅਤੇ ਉਹਨਾਂ ਦਾ ਆਤਮ-ਵਿਸ਼ਵਾਸ ਵੀ ਵਧ ਸਕੇ। ਦੂਸਰੀ ਰਣਨੀਤੀ ਇਹ ਸੀ ਕਿ ਵੱਖ-ਵੱਖ ਵਿਭਾਗਾਂ ਵਿੱਚ ਲਿੰਕ ਜੁੜਨ ਜਿਵੇਂ ਖੇਤੀਬਾੜੀ ਵਿਭਾਗ, ਨਾਰੀਅਲ ਦੇ ਕਿਸਾਨਾਂ ਦਾ ਸਮੂਹ, ਪਸ਼ੂ ਪਾਲਣ ਵਿਭਾਗ, ਡੇਅਰੀ ਸਹਿਕਾਰੀ ਸਮੂਹ, ਪਸ਼ੂ ਪਾਲਕ ਕਿਸਾਨ, ਮੀਡੀਆ ਖਾਸ ਕਰਕੇ ਆਲ ਇੰਡੀਆ ਰੇਡੀਓ, ਸਥਾਨਕ ਸਵੈ ਸਰਕਾਰਾਂ ਆਦਿ ਤਾਂਕਿ ਤਕਨੀਕ ਦਾ ਤੇਜ਼ੀ ਨਾਲ ਵਿਸਤਾਰ ਹੋ ਸਕੇ।

ਅਲੱਪੁਜ਼ਾ ਅਤੇ ਤ੍ਰਿਵੇਂਦ੍ਰਮ ਜਿਲ੍ਹਿਆਂ ਦੀਆਂ ਤਿੰਨ ਪੰਚਾਇਤਾਂ ਤੇਕੇਕਾਰਾ, ਦੇਵੀਕੁਲਾਗਾਰਾ ਅਤੇ ਏਦਾਵਾ ਦਾ 2000 ਹੈਕਟੇਅਰ ਨਾਰੀਅਲ ਦਾ ਰਕਬਾ ਇਸ ਪ੍ਰਕ੍ਰਿਆ ਅਧੀਨ ਲਿਆਂਦਾ ਗਿਆ। ਹਰੇਕ ਵਾਰਡ ਵਿੱਚ ਦੋ ਤੋਂ ਤਿੰਨ ਮਹਿਲਾ ਸਵੈ-ਸਹਾਇਤਾ ਸਮੂਹਾਂ ਦੇ ਮੈਂਬਰ, ਪੰਚਾਇਤ ਦੇ ਵਿਸਤਾਰ ਅਧਿਕਾਰੀ, 8 ਤੋਂ 10 ਨਾਰੀਅਲ ਦੀ ਖੇਤੀ ਕਰਨ ਵਾਲੇ ਕਿਸਾਨ ਤਕਨੀਕ ਟਰਾਂਸਫਰ ਗਤੀਵਿਧੀਟਾਂ ਵਿੱਚ ਅਤੇ ਪ੍ਰਜਣਨ ਸਥਾਨਾਂ ਦੇ ਇਲਾਜ ਵਿੱਚ ਸ਼ਾਮਿਲ ਸਨ। 150 ਤੋਂ 200 ਦੇ ਲਗਭਗ ਮਹਿਲਾਵਾਂ ਪੰਚਾਇਤ ਦੀਆਂ ਪ੍ਰਤਿਨਿਧੀ ਸਨ। ਇਹ ਸਿੱਧ ਕਰਦਾ ਹੈ ਕਿ ਇਹ ਤਕਨੀਕਾਂ ਮਹਿਲਾ ਪੱਖੀ, ਸਰਲ ਅਤੇ ਸੌਖੀਆਂ ਅਪਣਾਈਆਂ ਜਾ ਸਕਣ ਵਾਲੀਆਂ ਹਨ।

ਪੁਰਸ਼ ਅਤੇ ਮਹਿਲਾ ਕਿਸਾਨਾਂ ਲਈ ਲਗਭਗ 32 ਸਿਖਲਾਈ ਪ੍ਰੋਗਰਾਮ ਰੱਖੇ ਗਏ। ਅੱਧ ਵਿਚਕਾਰ ਜੇ ਲੋੜ ਪਈ ਤਾਂ ਮਾਹਿਰਾਂ ਨਾਲ ਵੀਡਿਓ ਕਾਨਫਰੰਸ ਰਾਹੀ ਗੱਲ ਕੀਤੀ ਗਈ। ਮਹਿਲਾ ਸਮੂਹਾਂ ਦੁਆਰਾ ਫੰਗਸ ਦੇ ਉਤਪਾਦਨ ਲਈ ਪੰਚਾਇਤ ਪੱਧਰ 'ਤੇ ਹੀ ਇੱਕ ਯੂਨਿਟ ਸ਼ੁਰੂ ਕੀਤੀ ਗਈ ਤਾਂਕਿ ਇਹ ਆਸਾਨੀ ਨਾਲ ਉਪਲਬਧ ਹੋ ਸਕੇ।

ਇਸ ਯੂਨਿਟ ਨੂੰ ਸ਼ੁਰੂ ਕਰਨ ਦੀ ਸ਼ੁਰੂਆਤੀ ਲਾਗਤ 8 ਤੋਂ 10 ਹਜਾਰ ਦੇ ਲਗਭਗ ਹੈ। ਇਸਦੇ ਲਈ ਪ੍ਰੈਸ਼ਰ ਕੁੱਕਰ (20 ਲਿਟਰ ਸਮਰੱਥਾ ਵਾਲਾ), ਗ੍ਰੀਨ ਮਸਕਾਡਰਿਨ ਫੰਗਸ (ਜੀ ਐਮ ਐਫ), ਪੋਲੀਪਰੌਪਲੀਨ ਕਵਰ, ਵਧੀਆ ਚਾਵਲ ਅਤੇ ਹੋਰ ਸਾਮਾਨ ਜਿਵੇਂ ਰੂੰ, ਐਲੂਮੀਨੀਅਮ ਸ਼ੀਟ, ਮੋਟੀਆਂ ਮੋਮਬੱਤੀਆਂ, ਦਸਤਾਨੇ ਆਦਿ। ਫੰਗਸ ਦੇ ਉਤਪਾਦਨ ਲਈ ਸਾਫ਼-ਸੁਥਰੀਆਂ ਸਥਿਤੀਆਂ ਦਾ ਹੋਣਾ ਸਭ ਤੋਂ ਪ੍ਰਮੁੱਖ ਲੋੜ ਹੈ। ਇਸਦੀ ਵਰਤੋਂ ਵਿਧੀ ਬਹੁਤ ਹੀ ਸਰਲ ਹੈ। ਜੀ ਐਮ ਐਫ ਦੇ 100 ਗ੍ਰਾਮ ਦੇ ਇੱਕ ਪੈਕਟ ਨੂੰ ਇੱਕ ਲਿਟਰ ਪਾਣੀ ਵਿੱਚ ਮਿਲਾਉਣਾ ਹੈ ਅਤੇ ਗੋਬਰ ਖਾਦ, ਕੰਪੋਸਟ ਪਿੱਟ, ਨਾਰੀਅਲ ਦੀ ਰਹਿੰਦ-ਖੂੰਹਦ ਦੀ ਪਿੱਟ ਆਦਿ ਉੱਪਰ ਛਿੜਕਾਅ ਕਰ ਦੇਣਾ ਹੈ ਕਿਉਂਕਿ ਇਹਨਾਂ ਜਗਾਵਾਂ ਉੱਪਰ ਹੀ ਇਹ ਕੀਟ ਪ੍ਰਜਣਨ ਕਰਦਾ ਹੈ। ਲਾਰਵੇ 5 ਤੋਂ 7 ਦਿਨਾਂ ਅੰਦਰ ਮਰ ਜਾਂਦੇ ਹਨ।

ਇਸ ਸਮੁਦਾਇਕ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਖੇਤਰ ਦੀ ਯੋਜਨਾ ਬਣਾਉਂਦਿਆਂ ਪੰਚਾਇਤ ਦੇ ਹਰੇਕ ਵਾਰਡ ਵਿੱਚ ਇਸ

ਬੀਟਲ ਦੇ ਸੰਭਾਵਿਤ ਪ੍ਰਜਣਨ ਸਥਾਨਾਂ ਦੀ ਜੀ ਪੀ ਐਸ ਦੀ ਮੱਦਦ ਨਾਲ ਨਿਸ਼ਾਨਦੇਹੀ ਕੀਤੀ ਗਈ। ਪਿੰਡ ਵਿੱਚ ਇੱਧਰ-ਉੱਧਰ ਬਿਖਰੇ ਬੀਟਲ ਦੇ ਪ੍ਰਜਣਨ ਸਥਾਨਾਂ ਜਿਵੇਂ ਪਸ਼ੂ ਪਾਲਕ ਕਿਸਾਨ (643 ), ਵਰਮੀ ਕੰਪੋਸਟ ਯੂਨਿਟ (7), ਨਾਰੀਅਲ ਦੀਆਂ ਜਟਾਵਾਂ ਦੀ ਪ੍ਰੋਸੈਸਿੰਗ ਯੂਨਿਟ (3) ਦੀ ਵੀ ਹਰ ਵਾਰਡ ਵਿੱਚ ਨਿਸ਼ਾਨਦੇਹੀ ਕੀਤੀ ਗਈ। ਇਹ ਪਾਇਆ ਗਿਆ ਕਿ ਇਹਨਾਂ ਸਭਾਵਿਤ ਸਥਾਨਾਂ ਨੂੰ 6 ਵਾਰਡਾਂ ਵਿੱਚ ਵੰਡਿਆ ਗਿਆ ਅਤੇ ਇਹਨਾਂ ਉੱਪਰ ਜੀ ਐਮ ਐਫ ਦਾ ਛਿੜਕਾਅ ਕੀਤਾ ਗਿਆ। ਇਹ ਮੁਹਿੰਮ ਸਭ ਤਰ੍ਹਾ ਦੇ ਲੋਕਾਂ ਨੂੰ ਸ਼ਾਮਿਲ ਕਰਕੇ ਇੱਕ ਹਫ਼ਤਾ ਚੱਲੀ। ਇਸ ਵਿੱਚ ਲੋਕਾਂ ਦੇ ਪ੍ਰਤੀਨਿਧੀ, ਖੇਤੀਬਾੜੀ ਅਤੇ ਪਸ਼ੂ ਪਾਲਣ ਵਿਭਾਗ ਦੀ ਵਿਸਤਾਰ ਇਕਾਈ, ਡੇਅਰੀ ਸਹਿਕਾਰੀ ਸੁਸਾਇਟੀ ਜਿਸ ਵਿੱਚ 85 ਪ੍ਰਤੀਸ਼ਤ ਦੇ ਲਗਭਗ ਪਸ਼ੂ ਪਾਲਣ ਵਾਲੇ ਕਿਸਾਨ ਮੈਂਬਰ ਸਨ ਅਤੇ ਮਹਿਲਾ ਸਵੈ-ਸਹਾਇਤਾ ਸਮੂਹ ਸ਼ਾਮਿਲ ਹੋਏ। ਇਸ ਤਰੀਕੇ ਰਾਹੀ 2 ਮਹੀਨਿਆਂ ਦੇ ਅੰਦਰ ਬੀਟਲ ਦੇ ਪ੍ਰਜਣਨ ਸਥਾਨਾਂ ਉੱਪਰ ਛਿੜਕਾਅ ਕੀਤਾ ਗਿਆ। ਛਿੜਕਾਅ ਤੋਂ ਬਾਅਦ ਦੇਖਿਆ ਗਿਆ ਕਿ ਨਵੇਂ ਹਮਲੇ ਵਿੱਚ 75.8 ਪ੍ਰਤੀਸ਼ਤ ਦੀ ਕਮੀ ਆਈ ਹੈ। ਕਿਸਾਨਾਂ ਨੇ ਦੱਸਿਆ ਕਿ ਇੱਕ ਹਫ਼ਤੇ ਵਿੱਚ ਹੀ ਲਾਰਵਾ ਸੰਕ੍ਰਮਿਤ ਹੋ ਕੇ ਮਰ ਗਏ ਅਤੇ ਸੰਕ੍ਰਮਿਤ ਲਾਰਵਾ ਅਤੇ ਬੀਟਲ ਸਾਰੇ ਵਾਰਡਾਂ ਵਿੱਚੋਂ ਇਕੱਠੇ ਕੀਤੇ ਗਏ ਜੋ ਕਿ ਦਿਖਾਉਂਦਾ ਸੀ ਕਿ ਇਸਦੀ ਆਬਾਦੀ ਵਿੱਚ ਕਮੀ ਆਈ ਹੈ।

ਨਿਯਮਿਤ ਤੌਰ ’ਤੇ ਕਿਸਾਨਾਂ ਕੋਲੋਂ ਫੀਡਬੈਕ ਇਕੱਠਾ ਕੀਤਾ ਗਿਆ। ਹਿੱਸਾ ਲੈਣ ਵਾਲੇ ਕਿਸਾਨਾਂ ਨੇ ਇਹ ਫੀਡਬੈਕ ਦਿੱਤਾ ਕਿ ਪ੍ਰਜਣਨ ਸਥਾਨਾਂ ਉੱਪਰ ਛਿੜਕਾਅ ਦੋ ਸਾਲਾਂ ਵਿੱਚ ਇੱਕ ਵਾਰ ਕਰਨ ਦੀ ਜਗ੍ਹਾ ਸਾਲ ਵਿੱਚ ਇੱਕ ਵਾਰ ਕਰਨਾ ਚਾਹੀਦਾ ਹੈ ਜਿਸਨੂੰ ਮਾਹਿਰਾਂ ਦੀ ਟੀਮ ਨੇ ਮਨਜ਼ੂਰੀ ਦੇ ਦਿੱਤੀ।

**ਬੀਟਲ ਦੇ ਤਾਜ਼ਾ ਹਮਲਿਆਂ ਵਿੱਚ ਕਮੀ ਆਈ ਖ਼ਾਸ ਕਰਕੇ ਨਵੇਂ ਫਲਾਂ ਉੱਪਰ ਹਮਲੇ ਵਿੱਚ 75 ਪ੍ਰਤੀਸ਼ਤ ਤੱਕ ਕਮੀ ਆਈ।**

### ਨਤੀਜੇ:

ਇਸ ਪ੍ਰੋਗਰਾਮ ਵਿੱਚ 70 ਤੋਂ 80 ਪ੍ਰਤੀਸ਼ਤ ਕਿਸਾਨਾਂ ਨੇ ਹਿੱਸਾ ਲਿਆ। ਬੀਟਲ ਦੇ ਤਾਜ਼ਾ ਹਮਲਿਆਂ ਵਿੱਚ ਕਮੀ ਆਈ ਖ਼ਾਸ ਕਰਕੇ ਨਵੇਂ ਫਲਾਂ ਉੱਪਰ ਹਮਲੇ ਵਿੱਚ 75 ਪ੍ਰਤੀਸ਼ਤ ਤੱਕ ਕਮੀ ਆਈ।




*ਖੇਤ ਪੱਧਰੀ ਸਿਖਲਾਈ*



***ਖੇਤ ਸਿਖਲਾਈ ਦੇ ਭਾਗੀਦਾਰ***

ਇਹ ਨੋਟ ਕੀਤਾ ਗਿਆ ਕਿ ਪ੍ਰੋਜੈਕਟ ਵਾਲੇ ਪਿੰਡਾਂ (ਏਦਾਵਾ ਗ੍ਰਾਮ ਪੰਚਾਇਤ, ਤਿਰੂਵੰਤਪੁਰਮ ਜਿਲ੍ਹਾ) ਵਿੱਚ ਦੂਸਰੇ ਪਿੰਡ (ਕੋਲਮ ਜਿਲ੍ਹੇ ਦੇ ਨੇਂਦਕਾਰਾ ਪਿੰਡ ) ਦੇ ਕਿਸਾਨਾਂ ਦੇ ਮੁਕਾਬਲੇ ਜ਼ਿਆਦਾ ਜਾਣਕਾਰੀ ਸੀ। ਦੋਵੇਂ ਇਲਾਕਿਆਂ ਦੇ 90 ਪ੍ਰਤੀਸ਼ਤ ਤੋਂ ਜ਼ਿਆਦਾ ਕਿਸਾਨ ਬੀਟਲ ਦੇ ਪਤੰਗੇ ਨੂੰ ਪਛਾਣ ਸਕਦੇ ਸਨ ਅਤੇ 50 ਤੋਂ 60 ਪ੍ਰਤੀਸ਼ਤ ਤੱਕ ਕਿਸਾਨ ਇਸਦੇ ਪ੍ਰਜਣਨ ਸਥਾਨਾਂ ਅਤੇ ਹਮਲੇ ਦੇ ਲੱਛਣਾਂ ਨੂੰ ਪਛਾਣ ਸਕਦੇ ਸਨ ।

ਖੇਤ ਉੱਪਰ ਨਾਰੀਅਲ, ਕਟਹਲ, ਕੰਦ, ਮਸ਼ਰੂਮ, ਸਬਜੀਆਂ ਦੀ ਮਿਸ਼੍ਰਿਤ ਖੇਤੀ ਕੀਤੀ ਗਈ ਅਤੇ ਉਹਨਾਂ ਦੀ ਪ੍ਰੋਸੈਸਿੰਗ ਕੀਤੀ ਗਈ ਅਤੇ ਇਸਦੇ ਨਾਲ ਹੀ ਵਰਮੀ ਕੰਪੋਸਟ ਬਣਾਈ ਗਈ।

ਜੀ ਐਮ ਐਫ ਦੇ ਉਪਾਦਨ ਦੀ ਤਕਨੀਕ ਵਿੱਚ ਸੋਧ ਕਰਕੇ ਉਤਾਦਨ ਦੀ ਕੀਮਤ 40 ਪ੍ਰਤੀਸ਼ਤ ਅਤੇ ਲੱਗਣ ਵਾਲੇ ਸਮੇਂ ਨੂੰ 30 ਪ੍ਰਤੀਸ਼ਤ ਤੱਕ ਘਟਾ ਦਿੱਤਾ।

ਪਿੰਡ ਵਿੱਚ ਸਿਖਲਾਈ ਕੇਂਦਰ ਸ਼ੁਰੂ ਕੀਤਾ ਗਿਆ ਜਿੱਥੇ ਅਲੱਗ-ਅਲੱਗ ਜਿਲ੍ਹਿਆਂ ਦੇ 2054 ਕਿਸਾਨਾਂ ਨੂੰ ਸਿਖਲਾਈ ਦਿੱਤੀ।

**ਸਬਕ ਜੋ ਸਿੱਖੇ ਗਏ :** ਸਮਾਜਿਕ-ਆਰਥਿਕ ਪਰਿਸਥਿਤੀਆਂ ਅਤੇ ਤਕਨੀਕੀ ਮਾਪਦੰਡਾਂ 'ਤੇ ਆਧਾਰਿਤ ਉਚਿਤ ਵਿਸਤਾਰ ਤੰਤਰ ਨਾਲ ਸਮਰਥਿਤ ਇਸ ਤਕਨੀਕ ਪੈਕੇਜ ਦਾ ਨਤੀਜਾ ਇਹ ਨਿਕਲਿਆ ਕਿ ਜਾਗਰੂਕਤਾ ਵਿੱਚ ਵਾਧਾ ਹੋਇਆ ਅਤੇ ਇਸ ਤਕਨੀਕ ਨੂੰ ਅਪਣਾਉਣ ਵਾਲਿਆਂ ਦਾ ਨੰਬਰ ਵਧਿਆ ਅਤੇ ਇਸ ਤਕਨੀਕ ਦੀ ਮੰਗ ਵੀ ਵਧੀ।

ਜ਼ਮੀਨੀ ਪੱਧਰ ਉੱਪਰ ਲੋਕਾਂ ਦਾ ਭਾਗੀਦਾਰੀ ਅਤੇ ਲੋਕਾਂ ਅਤੇ ਵਿਭਾਗਾਂ ਦੇ ਆਪਸੀ ਲਿੰਕ ਤਕਨੀਕ ਦੀ ਵਰਤੋਂ ਨੂੰ ਸਕਾਰਾਤਮਕ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਭਾਵਿਤ ਕਰ ਸਕਦੇ ਹਨ। ਇਸਨੇ ਲੋਕਾਂ ਦੇ ਪ੍ਰਤੀਨਿਧੀਆਂ, ਕਿਸਾਨ ਸੰਗਠਨਾਂ, ਕਿਸਾਨ ਲੀਡਰਾਂ, ਸਹਿਕਾਰੀ ਸਮਿਤੀਆਂ ਦੇ ਵਿਭਿੰਨ ਵਿਸਤਾਰ ਵਿਭਾਗਾਂ ਅਤੇ ਖੋਜ ਸੰਸਥਾਨਾਂ ਨਾਲ ਗਠਜੋੜ ਦੇ ਮਹੱਤਵ ਨੂੰ ਸਥਾਪਿਤ ਕੀਤਾ।

ਇਸ ਪਹੁੰਚ ਦਾ ਇੱਕ ਹੋਰ ਮਹੱਤਵਪੂਰਨ ਘਟਕ ਤਕਨੀਕ ਉਤਪਾਦਨ ਦਾ ਵਿਕੇਂਦ੍ਰੀਕਰਨ ਸੀ ਜਿਸ ਨਾਲ ਮਹਿਲਾ ਸਮੂਹਾਂ ਦਾ ਸਮਰੱਥਾ ਨਿਰਮਾਣ ਹੋਇਆ ਅਤੇ ਉਹ ਮਾਸਟਰ ਟ੍ਰੇਨਰ ਬਣੀਆਂ ਅਤੇ ਜੀ ਐਮ ਐਫ ਤਕਨੀਕ ਦੇ ਉਤਪਾਦਕ ਬਣੀਆਂ। ਇਸਦੇ ਨਾਲ ਹੀ ਇਸ ਤਕਨੀਕ ਨੂੰ ਅਪਣਾਉਣ ਵਾਲੇ ਸੰਭਾਵਿਤ ਸਮੂਹਾਂ ਜਿਵੇਂ ਪਸ਼ੂ

ਪਾਲਕ, ਕੰਪੋਸਟ ਖਾਦ ਬਣਾਉਣ ਵਾਲੇ ਸਮੂਹਾਂ ਦੀ ਪਛਾਣ ਹੋਈ। ਜਿੰਨਾਂ ਕਿਸਾਨਾਂ ਨੇ ਇਸ ਤਕਨੀਕ ਨੂੰ ਨਹੀਂ ਅਪਨਾਇਆ ਉਸਦਾ ਇਸ ਉੱਪਰ ਜ਼ਿਆਦਾ ਅਸਰ ਨਹੀਂ ਪਿਆ ਕਿਉਂਕਿ ਕੁੱਲ ਮਿਲਾ ਕੇ 80 % ਕਿਸਾਨਾਂ ਨੇ ਇਸ ਨੂੰ ਅਪਣਾ ਲਿਆ।

ਤਕਨੀਕ ਏਕੀਕਰਨ ਇੱਕ ਕੁੰਜੀ ਹੈ। ਰਵਾਇਤੀ ਤਕਨੀਕੀ ਗਿਆਨ ਜਿਵੇਂ ਪ੍ਰਜਣਨ ਸਥਾਨਾਂ ਉੱਪਰ ਭਾਂਟ ਝਾੜੀ ਉਗਾਉਣਾ, ਪੱਤਿਆਂ ਉੱਪਰ ਸੁਆਹ, ਨਮਕ ਅਤੇ ਰੇਤੇ ਦੇ ਮਿਸ਼ਰਣ ਦਾ ਛਿੜਕਾਅ ਆਦਿ ਨੂੰ ਸਿਫਾਰਿਸ਼ ਕੀਤੀਆਂ ਨਵੀਆਂ ਤਕਨੀਕਾਂ ਨਾਲ ਮਿਲਾ ਕੇ ਵਰਤਣਾ।

ਤਕਨੀਕ ਵਿਸ਼ੇਸ਼ ਸਮੁਦਾਇ ਵਿਸਤਾਰ ਪਹਿਲ ਕਿਸਾਨ ਸਮੁਦਾਇ ਦੇ ਹਰ ਉਮਰ ਦੇ ਕਿਸਾਨਾਂ ਦੇ ਗਿਆਨ ਦੇ ਵਾਧੇ ਊੱਪਰ, ਉਹਨਾਂ ਦੀ ਸ਼ਮੂਲੀਅਤ ਅਤੇ ਕਿਸਾਨਾਂ ਦੁਆਰਾ ਅਪਣਾਏ ਕਿਸਾਨੀ ਤਰੀਕਿਆਂ ਉੱਪਰ ਸਕਾਰਾਤਮਕ ਪ੍ਰਭਾਵ ਪਾਉਂਦੀ ਹੈ। ਇਸ ਸਭ ਦੇ ਨਤੀਜੇ ਵਜੋਂ ਕਿਸਾਨਾਂ ਵਿੱਚ ਬਿਹਤਰ ਤਕਨੀਕੀ ਗਿਆਨ ਦੀ ਮੰਗ ਵਧਦੀ ਹੈ।

ਅਜਿਹੀਆਂ ਵਿਸਤਾਰ ਪਹੁੰਚਾਂ ਵਿੱਚ ਮੀਡੀਆ ਦੀ ਵੀ ਸੁਨੇਹੇ ਨੂੰ ਵੱਡੇ ਪੱਧਰ 'ਤੇ ਲੋਕਾਂ ਤੱਕ ਪਹੁੰਚਾਉਣ ਅਤੇ ਜਾਗਰੂਕਤਾ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਸਮਾਜਿਕ ਭਾਗੀਦਾਰੀ, ਵਿਸਤ੍ਰਿਤ ਸੰਪਰਕ, ਵਧਦੀ ਭਾਗੀਦਾਰੀ, ਮੀਡੀਆ ਦੀ ਪਹੁੰਚ ਅਤੇ ਟ੍ਰੇਨਿੰਗਾਂ , ਖੋਜ ਅਤੇ ਵਿਸਤਾਰ ਲਿੰਕ ਆਦਿ ਵਿੱਚ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਤੋਂ ਪਹਿਲਾਂ ਅਤੇ ਬਾਅਦ ਦੀਆਂ ਸਥਿਤੀਆਂ ਵਿੱਚ ਬਹੁਤ ਸੁਧਾਰ ਦੇਖਣ ਨੂੰ ਮਿਲਿਆ ਜੋ ਕਿ ਇਸ ਪ੍ਰੋਗਰਾਮ ਦੇ ਸਕਾਰਾਤਮਕ ਪ੍ਰਭਾਵ ਨੂੰ ਦਿਖਾਉਂਦਾ ਹੈ।

ਹਾਲਾਂਕਿ ਇਸ ਪ੍ਰੋਗਰਾਮ ਨੂੰ ਅਪਨਾਉਣ ਵਾਲੇ ਜ਼ਿਆਦਾਤਰ ਪਸ਼ੂ ਪਾਲਣ ਵਾਲੇ ਕਿਸਾਨ ਸਨ ਪਰ ਬਾਕੀ ਦੇ ਕਿਸਾਨਾਂ ਅਤੇ ਲੋਕਾਂ ਨੂੰ ਵੀ ਇਸ ਤਕਨੀਕ ਬਾਰੇ ਪਤਾ ਹੋਣਾ ਚਾਹੀਦਾ ਹੈ ਜਿਵੇਂ ਯੰਤ੍ਰਿਕ ਤੌਰ 'ਤੇ ਨਸ਼ਟ ਕਰਨਾ ਤਾਂਕਿ ਸਕਾਰਾਤਮਕ ਪ੍ਰਭਾਵ ਪੈਦਾ ਕੀਤਾ ਜਾ ਸਕੇ ਅਤੇ ਇਹ ਸਭ ਵਿਸਿਤ੍ਰਿਤ ਸੰਪਰਕਾਂ ਅਤੇ ਮੀਡੀਆ ਐਕਸਪੋਜ਼ਰ ਅਤੇ ਭਾਗੀਦਾਰੀ ਵਿੱਚ ਦਿਖਾਈ ਦਿੰਦਾ ਹੈ।

ਤਕਨੀਕ ਸਿਖਲਾਈ ਪ੍ਰੋਗਰਾਮਾਂ ਵਿੱਚ ਅਰਥਪੂਰਨ ਹਿੱਸੇਦਾਰੀ ਅਤੇ ਜਾਣਕਾਰੀ ਨੇ ਇਸ ਤਕਨੀਕ ਨੂੰ ਅਪਨਾਉਣ, ਸੁਧਾਰ ਕਰਨ ਅਤੇ ਤਕਨੀਕ ਤੱਕ ਕਿਸਾਨਾਂ ਦੀ ਆਸਾਨ ਪਹੁੰਚ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ।

**ਸਿੱਟਾ :**

ਸਮੁਦਾਇ ਵਿੱਚ ਕੀਟ ਪ੍ਰਬੰਧਨ ਬਾਰੇ ਜਾਣਕਾਰੀ ਵਧਣ ਅਤੇ ਏਕੀਕ੍ਰਿਤ ਜੈਵ ਪ੍ਰਬੰਧਨ ਤਕਨੀਕਾਂ ਦੀ ਵਰਤੋਂ ਨੇ ਕੀਟਨਾਸ਼ਕਾਂ ਦੀ ਦੁਰਵਰਤੋਂ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਮੱਦਦ ਕੀਤੀ। ਏ ਡਬਲਿਊ ਸੀ ਏ ਨੇ ਵਿਭਿੰਨ ਭਾਗੀਦਾਰਾਂ ਨੂੰ ਵਿਚਾਰ ਚਰਚਾ ਵਿੱਚ ਸ਼ਾਮਿਲ ਕੀਤਾ ਅਤੇ ਤਕਨੀਕ ਦੀ ਮੰਚ ਅਤੇ ਵਰਤੋਂ ਵਿੱਚ ਸੁਧਾਰ ਕੀਤਾ। ਵਿਸਤਾਰ ਅਧਿਕਾਰੀਆਂ ਤੋਂ ਮਿਲੇ ਫੀਡਬੈਕ ਅਤੇ ਪ੍ਰਤੀਕ੍ਰਿਆਵਾਂ ਨੇ ਇਹ ਦਿਖਾਇਆ ਕਿ ਇਸਦਾ ਬਹੁਤ ਸਕਾਰਾਤਮਕ ਪ੍ਰਭਾਵ ਪਿਆ ਹੈ ਅਤੇ ਇਹ ਤਕਨੀਕ ਦੂਸਰੇ ਕਿਸਾਨ ਸਮੁਦਾਇਆਂ ਤੱਕ ਵੀ ਪਹੁੰਚੀ ਹੈ।

ਵੱਡੇ ਖੇਤਰ ਵਿੱਚ ਤਕਨੀਕ ਨੂੰ ਅਪਨਾਉਣ ਵਾਲੇ ਵਰਗਾਂ ਅਤੇ ਸਮੁਦਾਇਕ ਵਿਸਤਾਰ ਪਹੁੰਚ ਉੱਪਰ ਧਿਆਨ ਕੇਂਦ੍ਰਿਤ ਕਰਕੇ ਵਿਅਕਤੀਗਤ ਪੱਧਰ ਉੱਪਰ ਤਕਨੀਕ ਨੂੰ ਅਪਨਾਉਣ ਦੀ ਅਕੁਸ਼ਲਤਾ ਅਤੇ ਕਿਸਾਨਾਂ ਦੇ ਸਮਾਜਿਕ-ਆਰਥਿਕ ਸ੍ਰੋਤ ਆਧਾਰ ਦੀ ਵਿਭਿੰਨਤਾ ਨਾਲ ਨਜਿੱਠਿਆ ਜਾ ਸਕਦਾ ਹੈ। ਹਾਲਾਂਕਿ ਨਾਰੀਅਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਵਿਚਕਾਰ ਇਸਦੀ ਸਵੀਕਾਰਤਾ ਅਤੇ ਸਥਿਰਤਾ ਲਈ ਲਗਾਤਾਰ ਯਤਨ ਕਰਨ ਦੀ ਲੋੜ ਹੈ। ਇਸਦੇ ਲਈ ਖੇਤ ਪੱਧਰੀ ਉਤਪਾਦਨ ਯੂਨਿਟਾਂ ਨੂੰ ਪਿੰਡ ਪੱਧਰ ਦੀ ਉੱਦਮ ਇਕਾਈ ਬਣਾਉਣ ਲਈ , ਜਿੱਥੇ ਆਕ੍ਸ਼ਕ ਉਤਪਾਦ ਬਣਨ, ਉਤਪਾਦਾਂ ਦੀ ਸ਼ੈਲਫ ਲਾਈਫ ਵਧ ਹੋਵੇ, ਗੁਣਵੱਤਾ ਨਿਯੰਤ੍ਰਣ ਆਦਿ ਲਈ ਤਕਨੀਕੀ ਨਿਗਰਾਨੀ ਅਤੇ ਸਹਿਯੋਗ ਦੀ ਅਤੇ ਖੋਜ ਦੀ ਲੋੜ ਹੈ। ਨਹੀਂ ਤਾਂ ਇਹਨਾਂ ਯੂਨਿਟਾਂ ਦੀ ਸਫਲਤਾ ਅਤੇ ਸਥਿਰਤਾ ਸਿਮਟ ਕੇ ਰਹਿ ਜਾਵੇਗੀ ਅਤੇ ਇਹ ਸਿਰਫ ਥੋੜ੍ਹੇ ਸਮੇਂ ਤੱਕ ਹੀ ਕਾਇਮ ਰਹਿਣਗੀਆਂ।

**ਅਨੀਤਾਕੁਮਾਰੀ ਪੀ**
ਮੁੱਖ ਵਿਗਿਆਨਕ (ਖੇਤੀਬਾੜੀ ਵਿਸਤਾਰ)
ਆਈਸੀਏਆਰ ਸੀ ਪੀ ਸੀ ਆਰ ਆਈ, ਖੇਤਰੀ ਸਟੇਸ਼ਨ
ਕ੍ਰਿਸ਼ਨਾਪੁਰਮ ਪੀ.ਓ
ਕਾਇਮਕੁਲਮ 690533
ਈਮੇਲ : anithacpcri@gmail.com

**Bio management of coconut pests**
***Social process for mass adoption***
**LEISA INDIA, March 2021**



# ਮਹਾਂਮਾਰੀ ਦੌਰਾਨ ਮਹੂਆ ਦੇ ਫੁੱਲਾਂ ਦਾ ਮੁੱਲ ਸੰਵਰਧਨ

*ਯੋਗਰੰਜਨ, ਲਲਿਤ ਮੋਹਲ ਬਾਲ, ਦਿਨੇਸ਼ ਕੁਮਾਰ ਅਤੇ ਆਯੂਸ਼ੀ ਸੋਨੀ*

**ਮਹੂਆ ਦੇ ਫੁੱਲਾਂ ਅਤੇ ਫਲਾਂ ਦਾ ਨਿਆਂਪੂਰਨ ਅਤੇ ਵਪਾਰਕ ਇਸਤੇਮਾਲ ਅਤੇ ਮੁੱਲ ਸੰਵਰਧਨ ਪਿੰਡ ਵਾਸੀਆਂ ਲਈ ਇੱਕ ਫਾਇਦੇਮੰਦ ਉੱਦਮ ਹੋ ਸਕਦਾ ਹੈ। ਹੋਰ ਉਤਪਾਦਾਂ ਦੇ ਇਲਾਵਾ, ਪਿੰਡ ਵਾਲਿਆਂ ਨੇ ਸਿੱਖਿਆ ਕਿ ਮਹੂਆ ਦੇ ਫੁੱਲ ਸੈਨੀਟਾਈਜ਼ਰ ਦੇ ਉਤਪਾਦਨ ਦਾ ਸ੍ਰੋਤ ਹੋ ਸਕਦੇ ਹਨ, ਜਿਸਨੇ ਉਹਨਾਂ ਨੂੰ ਮਹਾਂਮਾਰੀ ਦੌਰਾਨ ਸਵੈ-ਨਿਰਭਰ ਬਣਨ ਵਿੱਚ ਮੱਦਦ ਕੀਤੀ।**

ਮੱਧ ਪ੍ਰਦੇਸ਼ ਦੇ ਟੀਕਮਗੜ ਜਿਲ੍ਹੇ ਦੇ ਲੋਕ, ਜੰਗਲ ਦੇ ਨੇੜੇ ਰਹਿਣ ਵਾਲੇ ਸਿੱਧੇ ਸਾਦੇ ਲੋਕ ਹਨ, ਪਰ ਪੱਕੀਆਂ ਸੜਕਾਂ ਦੇ ਵਧਦੇ ਕਬਜ਼ੇ ਅਤੇ ਸ਼ਹਿਰੀਕਰਨ ਦੀ ਵਧਦੀ ਲਾਲਸਾ ਨੇ ਕੁੱਝ ਅਣਚਾਹੇ ਬਦਲਾਅ ਕੀਤੇ ਹਨ। ਹਾਲਾਂਕਿ , ਜੰਗਲੀ ਉਤਪਾਦਾਂ 'ਤੇ ਆਧਾਰਿਤ ਰੋਜ਼ੀ-ਰੋਟੀ ਇਹਨਾਂ ਦੀ ਪ੍ਰੰਪਰਿਕ ਜੀਵਨ ਸ਼ੈਲੀ ਦਾ ਹਿੱਸਾ ਰਿਹਾ ਹੈ, ਪਰ ਹੁਣ ਪਿੰਡ ਦੀ ਜਿੰਦਗੀ ਵਿੱਚ ਆਉਣ ਵਾਲੇ ਬਦਲਾਵਾਂ ਕਰਕੇ ਇਹ ਪ੍ਰਥਾ ਖਤਮ ਹੋ ਰਹੀ ਹੈ ਅਤੇ ਲੋਕ ਜੀਵਨ ਜਿਓਣ ਦੇ ਨਵੇਂ ਢੰਗ-ਤਰੀਕੇ ਅਪਨਾ ਰਹੇ ਹਨ। ਇਸਦੇ ਨਾਲ ਹੀ, ਸਥਾਨਕ ਲੋਕ ਸੋਕੇ ਦੇ ਲੰਬੇ ਅਤੇ ਆਵਰਤੀ ਇਤਿਹਾਸ ਕਾਰਨ ਮਹਾਂਨਗਰਾਂ ਵੱਲ ਪਲਾਇਨ ਕਰਨ ਲਈ ਮਜਬੂਰ ਹੋਏ ਹਨ ਕਿਉਂਕਿ ਪਿੰਡਾਂ ਵਿੱਚ ਲਗਾਤਾਰ ਕੰਮ ਮਿਲਣਾ ਮੁਸ਼ਕਿਲ ਹੈ।

**ਜੰਗਲ ਦੀ ਵਿਰਾਸਤ ਨੂੰ ਮੁੜ ਬਹਾਲ ਕਰਨਾ** : ਜਿਲ੍ਹੇ ਅਧੀਨ ਆਉਂਦਾ ਇਹ ਪੂਰਾ ਖੇਤਰ ਜੰਗਲ ਦੀ ਵਧੀਆ ਕਵਰੇਜ ਦਾ ਆਨੰਦ ਮਾਣਦਾ ਰਿਹਾ ਹੈ ਅਤੇ ਉਹ ਵੀ ਅਜਿਹੇ ਰੁੱਖਾਂ ਦਾ, ਜਿੰਨ੍ਹਾਂ ਦਾ ਆਰਥਿਕ ਮਹੱਤਵ ਬਹੁਤ ਜ਼ਿਆਦਾ ਹੈ ਜਿਵੇਂ ਮਹੂਆ (ਮਧੂਕਾ ਲੌਂਗੀਫੋਲੀਆ) , ਪਲਾਸ਼ (ਬਿਊਟਿਯਾ ਮੋਨੋਸਪਰਮਾ), ਸਾਗੌਨ (ਟੈਕਟੋਨਾ ਗ੍ਰੈਂਡਿਸ) ਅਤੇ ਤੇਂਦੂ (ਡਾਇਓਸਪਾਰੋਸ ਮੇਲਾਨੋਕਿਸਲੋਨ)। ਮਹੂਆ ਗ੍ਰਾਮੀਣ ਆਬਾਦੀ ਲਈ ਆਮਦਨੀ ਦਾ ਇੱਕ ਮਹੱਤਵਪੂਰਨ ਸ੍ਰੋਤ ਹੈ। ਪ੍ਰੰਪਰਿਕ ਰੂਪ ਵਿੱਚ ਇਹ ਅਲਕੋਹਲ ਦਾ ਸ੍ਰੋਤ ਰਿਹਾ ਹੈ। ਦੂਸਰੇ ਪਾਸੇ, ਤੇਂਦੂ ਦੇ ਪੱਤੇ ਬੀੜੀ ਬਣਾਉਣ ਦੇ ਕੰਮ ਆਉਂਦੇ ਹਨ।

ਇੱਕ ਖੇਤੀਬਾੜੀ ਅਧਿਕਾਰੀ ਐਲ ਐਮ ਬਲ ਦੁਆਰਾ ਇਹ ਪਾਇਆ ਗਿਆ ਕਿ "ਬਹੁਤਾਤ ਦੇ ਬਾਵਜੂਦ, ਮਹੂਆ ਦੇ ਫੁੱਲਾਂ ਅਤੇ ਫਲਾਂ ਨੂੰ ਇਕੱਠਾ ਕਰਨ ਦਾ ਪ੍ਰੰਪਰਿਕ ਤਰੀਕਾ ਸਾਫ਼ ਨਹੀ ਸੀ, ਉਹਨਾਂ ਨੂੰ ਸੁਕਾਇਆ ਵੀ ਸਹੀ ਤਰੀਕੇ ਨਾਲ ਨਹੀ ਜਾਂਦਾ ਸੀ ਅਤੇ ਭੰਡਾਰਣ ਵੀ ਗੈਰ-ਵਿਗਿਆਨਕ ਸੀ। ਉਹਨਾਂ ਨੇ ਕਿਹਾ ਕਿ ਗੈਰ-



***ਮਹੂਆ ਆਧਾਰਿਤ ਅਲਕੋਹਲ***

ਵਿਗਿਆਨਕ ਸਟੋਰੇਜ ਕਾਰਨ ਮਾਈਕ੍ਰੋਬਾਇਲ ਲੋਡ ਵਧ ਜਾਂਦਾ ਹੈ ਜਿਸ ਕਾਰਨ ਇਹ ਸਿਰਫ਼ ਸ਼ਰਾਬ ਕੱਢਣ ਅਤੇ ਪਸ਼ੂਆਂ ਦੇ ਚਾਰੇ ਲਈ ਹੀ ਢੁੱਕਵੇਂ ਰਹਿ ਜਾਂਦੇ ਹਨ। ਇਹ ਵੀ ਦੇਖਿਆ ਗਿਆ ਕਿ ਪ੍ਰੋਸਸਿੰਗ ਦੀ ਜਾਣਕਾਰੀ ਦੀ ਕਮੀ ਦੇ ਕਾਰਨ ਮਹੂਆ ਦੇ ਫੁੱਲਾਂ ਦੀ ਵਿਕਰੀ ਵਿੱਚ ਵੀ ਪ੍ਰੇਸ਼ਾਨੀ ਆਉਂਦੀ ਹੈ। ਇਹਨਾਂ ਸਭ ਦਾ ਹੱਲ ਕੱਢਣ ਲਈ, ਟੀਕਮਗੜ੍ਹ ਦੇ ਖੇਤੀਬਾੜੀ ਕਾਲਜ ਨੇ ਮੱਧ ਪ੍ਰਦੇਸ਼ ਸਰਕਾਰ ਦੇ ਜੈਵ ਵਿਭਿੰਨਤਾ ਵਿਭਾਗ ਦੇ ਆਰਥਿਕ ਸਹਿਯੋਗ ਨਾਲ ਇੱਕ ਪ੍ਰੋਜੈਕਟ ਸ਼ੁਰੂ ਕੀਤਾ ਅਤੇ ਮਹੂਆ ਦੇ ਫੁੱਲਾਂ ਦੀ ਲੋੜੀਂਦੀ ਗੁਣਵੱਤਾ ਪ੍ਰਾਪਤ ਕਰਨ ਲਈ ਸੁਕਾਉਣ (ਮਾਈਕ੍ਰੋਵੇਵ ਅਤੇ ਸੋਲਰ ) ਅਤੇ ਸੰਭਾਲਣ ਦੇ ਤਰੀਕਿਆਂ ਨੂੰ ਮਿਆਰੀ ਬਣਾਉਣ ਉੱਪਰ ਕੰਮ ਸ਼ੁਰੂ ਕੀਤਾ। ਵੱਖ-ਵੱਖ ਤਰੀਕਆਂ (ਸੂਰਜੀ ਅਤੇ ਮਾਈਕ੍ਰੋਵੇਵ ) ਦੁਆਰਾ ਸੁਕਾਉਣ ਦੌਰਾਨ ਮਹੂਆ ਦੇ ਫੁੱਲਾਂ ਦੀਆਂ ਵਿਸ਼ੇਸ਼ਤਾਵਾਂ, ਪ੍ਰਭਾਵੀ ਨਮੀ ਪ੍ਰਸਾਰ ਅਤੇ ਰੰਗਾਂ ਦੇ ਬਦਲਾਅ ਦੀ ਕਾਲਜ ਦੀ ਆਧੁਨਿਕ ਉਪਕਰਨਾਂ ਨਾਲ ਸੁਸੱਜਿਤ ਬਾਇਓਕੈਮਿਸਟਰੀ ਪ੍ਰਯੋਗਸ਼ਾਲਾ ਵਿੱਚ ਵਿਆਪਕ ਤੌਰ 'ਤੇ ਖੋਜ ਕੀਤੀ ਗਈ।

ਸੁੱਕੇ ਮਹੂਆ ਦੇ ਫੁੱਲਾਂ ਦਾ ਭੌਤਿਕ-ਰਸਾਇਣਿਕ ਗੁਣਾਂ ਦਾ ਮੁਲਾਂਕਨ ਮੁੱਖ ਰੂਪ ਵਿੱਚ ਨਮੀ ਦੀ ਮਾਤਰਾ, ਰੰਗ ਮਾਪ ਰੀਹਾਈਡ੍ਰੇਸ਼ਨ ਅਨੁਪਾਤ ਅਤੇ ਪ੍ਰੋਟੀਨ ਅਤੇ ਸ਼ੂਗਰ ਮਾਤਰਾ ਨੂੰ ਜਾਣਨ ਲਈ ਕੀਤਾ ਗਿਆ ਸੀ। ਇਹਨਾਂ ਸਭ ਅਧਿਐਨਾਂ ਵਿੱਚ ਇਹ ਸਾਹਮਣੇ ਆਇਆ ਕਿ ਮਹੂਆ ਦੇ ਫੁੱਲਾਂ ਨੂੰ ਸਥਾਨਕ ਮਿਠਾਈਆਂ ਜਿਵੇਂ ਹਲਵਾ, ਖੀਰ, ਪੂੜੀ ਅਤੇ ਬਰਫ਼ੀ ਆਦਿ ਬਣਾਉਣ ਲਈ ਕੁਦਰਤੀ ਮਿਠਾਸ ਦੇ ਰੂਪ ਵਿੱਚ ਆਸਾਨੀ ਨਾਲ ਰਿਫਾਈਨ ਕੀਤਾ ਜਾ ਸਕਦਾ ਹੈ। ਸੁੱਕੇ ਮਹੂਆ ਫੁੱਲਾਂ ਤੋਂ ਕਈ ਤਰ੍ਹਾ ਦੇ ਖਾਧ-ਉਤਪਾਦ ਜਿਵੇਂ ਸੁੱਕੇ ਫੁੱਲ, ਕੈਂਡਿਡ ਫੁੱਲ (ਫੁੱਲਾਂ ਉਪਰ ਸ਼ੂਗਰ ਸਿਰਪ ਦੀ ਪਰਤ ਚੜ੍ਹਾਉਣਾ), ਮਹੂਆ ਬਾਰ, ਰੈਡੀ ਟੂ ਸਰਵ ਪੇਅ ਪਦਾਰਥ, ਸਕਵੈਸ਼, ਜੈਮ, ਲੱਡੂ, ਕੇਕ ਅਤੇ ਟਾਫੀ ਪਿੰਡ ਵਾਲਿਆਂ ਨੂੰ ਪ੍ਰਦਰਸ਼ਨੀ ਵਿੱਚ ਦਿਖਾਏ ਗਏ। ਪਯੋਗਸ਼ਾਲਾ ਵਿੱਚ ਜੋ ਡਬਲ ਡਿਸਟਿਲੇਸ਼ਨ ਪ੍ਰਕ੍ਰਿਆ ਕੀਤੀ ਗਈ ਸੀ, ਉਸਦੇ ਨਤੀਜੇ ਵਜੋਂ ਅਲਕੋਹਲ ਵੀ ਨਿਕਲਿਆ। ਤੁਲਸੀ, ਲੈਮਨ ਗ੍ਰਾਸ ਅਤੇ ਐਲੋਵੀਰਾ ਦੇ ਅਰਕ ਨੂੰ ਮਹੂਆ ਤੋਂ ਨਿਕਲਣ ਵਾਲੀ ਬਦਬੂ ਨੂੰ ਦੂਰ ਕਰਨ ਲਈ ਵਰਤਿਆ ਗਿਆ।

**ਕੋਰੋਨਾ 19- ਇੱਕ ਮੌਕਾ :** ਕੋਰੋਨਾ ਮਹਾਂਮਾਰੀ ਅਤੇ ਲਾਕਡਾਊਨ ਲੱਗਣ ਕਰਕੇ ਇਸ ਖੇਤਰ ਦੇ ਪ੍ਰਵਾਸੀਆਂ ਨੂੰ ਘਰ ਵਾਪਸ ਆਉਣ ਲਈ ਮਜਬੂਰ ਹੋਣਾ ਪਿਆ। ਆਮਦਨੀ ਦਾ ਕੋਈ ਸਾਧਨ ਨਾ ਹੋਣ ਕਾਰਨ ਇਹਨਾਂ ਲੋਕਾਂ ਦੀ ਹਾਲਤ ਬਹੁਤ ਖਰਾਬ ਹੋ ਗਈ। ਇਸਦੇ ਨਾਲ ਹੀ ਬਹੁਤ ਛੋਟੀਆਂ ਜ਼ਮੀਨਾਂ, ਖੇਤੀਬਾੜੀ ਪ੍ਰਤਿ ਨੌਜਵਾਨਾਂ ਦੀ ਗੰਭੀਰ ਉਦਾਸੀਨਤਾ ਅਤੇ ਸ੍ਰੋਤਾਂ ਦੀ ਘਾਟ ਖ਼ਾਸ ਕਰਕੇ ਪਾਣੀ ਦੀ ਘਾਟ ਨੇ ਸਮੱਸਿਆ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ।

ਆਪਣੇ ਪਿੰਡ ਦੇ ਟੂਰ ਦੌਰਾਨ, ਵਿਗਿਆਨਕਾਂ ਦੀ ਟੀਮ ਅਤੇ ਟੀਕਮਗੜ੍ਹ ਦੇ ਖੇਤੀਬਾੜੀ ਕਾਲਜ ਦੇ ਵਿਦਿਆਰਥੀਆਂ ਨੇ ਦੇਖਿਆ ਕਿ ਪੂਰੇ ਦੇਸ਼ ਵਿੱਚ ਮਹਾਂਮਾਰੀ ਦੇ ਗੰਭੀਰ ਪ੍ਰਕੋਪ ਦੇ ਬਾਵਜੂਦ ਪਿੰਡ ਵਾਲਿਆਂ ਵਿੱਚ ਸੈਨੀਟਾਈਜ਼ਰ ਇਸਤੇਮਾਲ ਕਰਨ ਪ੍ਰਤਿ ਗੰਭੀਰ ਉਦਾਸੀਨਤਾ ਹੈ। ਇਸਦੇ ਇਲਾਵਾ, ਸ਼ਹਿਰਾਂ ਤੋਂ ਵਾਪਸ ਪਰਤੇ ਪਿੰਡ ਦੇ ਲੋਕਾਂ ਵਿੱਚ ਘੋਰ ਨਿਰਾਸ਼ਾ ਸੀ ਕਿਉਂਕਿ ਪਿੰਡ ਵਿੱਚ ਆਮਦਨੀ ਦਾ ਕੋਈ ਸਾਧਨ ਨਹੀਂ ਸੀ। ਅਜਿਹੇ ਮੁਸ਼ਕਿਲ ਸਮੇਂ ਵਿੱਚ ਖੇਤੀਬਾੜੀ ਕਾਲਜ, ਟੀਕਮਗੜ੍ਹ ਨੇ ਇਹਨਾਂ ਪਿੰਡ ਵਾਲਿਆਂ ਨੂੰ ਆਲੇ ਦੁਆਲੇ ਬਹੁਤਾਤ ਮਾਤਰਾ ਵਿੱਚ ਉਪਲਬਧ ਮਹੂਆ ਦਾ ਮੁੱਲ ਸੰਵਰਧਨ ਕਰਕੇ ਆਮਦਨੀ ਕਰਨ ਦਾ ਵਧੀਆ ਸਾਧਨ ਉਪਲਬਧ ਕਰਵਾਉਣ ਦੀ ਕੋਸ਼ਿਸ਼ ਕੀਤੀ। ਕਾਲਜ ਟੀਮ ਨੇ ਪ੍ਰਚੂਰ ਮਾਤਰਾ ਵਿੱਚ ਉਪਲਬਧ ਮਹੂਆ ਨੂੰ ਨਾ ਕੇਵਲ ਸਥਾਨਕ ਲੋਕਾਂ ਲਈ ਕਮਾਈ ਦੇ ਸਾਧਨ ਵਜੋਂ ਵਰਤਣ ਦੀ ਪਹਿਲ ਕੀਤੀ ਬਲਕਿ ਸਥਾਨਕ ਲੋਕਾਂ ਨੂੰ ਕੋਰੋਨਾ ਮਹਾਂਮਾਰੀ ਤੋਂ ਬਚਣ ਲਈ ਅਲਕੋਹਲ ਆਧਾਰਿਤ ਸੈਨੇਟਾਈਜ਼ਰ ਵਰਤਣ ਲਈ ਵੀ ਜਾਗਰੂਕ ਕੀਤਾ।

ਪਿੰਡ ਵਾਲਿਆਂ ਤੋਂ 300 ਕੁਇੰਟਲ ਦੇ ਲਗਭਗ ਮਹੂਆ ਖਰੀਦਿਆ ਗਿਆ ਅਤੇ ਹੁਣ ਤੱਕ 60 ਲਿਟਰ ਮਹੂਆ ਸੈਨੇਟਾਈਜ਼ਰ ਬਣਾਇਆ ਗਿਆ ਅਤੇ ਪਿੰਡ ਵਾਲਿਆਂ ਵਿਚਕਾਰ ਵੰਡਿਆ ਗਿਆ। ਪਿੰਡ ਦੇ ਨੌਜਵਾਨਾਂ ਵਿਚਕਾਰ 100 ਮਿਲੀ. ਦੀ ਬੋਤਲ ਵਿੱਚ ਇਹ ਸੈਨੇਟਾਈਜ਼ਰ ਵੰਡਿਆ ਗਿਆ। ਸ਼ੁਰੂਆਤ ਵਿੱਚ, ਮਹੂਆ ਆਧਾਰਿਤ ਖਾਧ ਉਤਪਾਦਾਂ ਅਤੇ ਸੈਨੇਟਾਈਜ਼ਰ ਦੀ ਪ੍ਰਸਿੱਧੀ ਅਤੇ ਵਪਾਰੀਕਰਨ ਗੋਦ ਲਏ ਪਿੰਡਾਂ ਦੇ ਸਿਖਲਾਈ ਪ੍ਰਾਪਤ ਕਰ ਰਹੇ ਨੌਜਵਾਨਾਂ ਰਾਹੀ ਕਰਵਾਇਆ ਗਿਆ। ਪ੍ਰਯੋਗਸ਼ਾਲਾ ਵੀ ਸੁੱਕੇ ਮਹੂਏ ਦੀ ਸ਼ੈਲਫ ਲਾਈਫ ਨੂੰ ਵਧਾਉਣ ਉੱਪਰ ਕੰਮ ਕਰ ਰਹੀ ਹੈ ਤਾਂਕਿ ਮਹੂਆ ਨੂੰ ਜਲਦੀ ਖਰਾਬ ਹੋਣ ਤੋਂ ਬਚਾਇਆ ਜਾ ਸਕੇ ਅਤੇ ਇਹ ਸਾਲ ਭਰ ਉਪਲਬਧ ਰਹੇ।

**ਪ੍ਰਭਾਵ :**

ਪਿੰਡ ਦੇ ਲੋਕ ਹੁਣ ਸੈਨੇਟਾਈਜ਼ਰ ਦੇ ਮਹੱਤਵ ਨੂੰ ਸਮਝ ਚੁੱਕੇ ਹਨ ਅਤੇ ਇਹ ਸਮਝ ਚੁੱਕੇ ਹਨ ਕਿ ਇਹ ਉਹਨਾਂ ਦੇ ਆਲੇ ਦੁਆਲੇ ਦੀਆਂ ਚੀਜਾਂ ਤੋਂ ਹੀ ਬਣਿਆ ਇੱਕ ਸੁਰੱਖਿਅਤ ਵਿਕਲਪ ਹੈ। ਬਹੁਤ ਸਾਰੇ ਪਿੰਡਵਾਸੀ ਹੁਣ ਨਾ ਸਿਰਫ ਮਹੂਆ ਦੇ ਫੁੱਲਾਂ ਨੂੰ ਪ੍ਰਯੋਗ ਕਰਨ ਵਿੱਚ ਸੰਭਾਵਨਾਵਾਂ ਦੇਖ ਰਹੇ ਹਨ ਬਲਕਿ ਹੁਣ ਉਹ ਗਿਲੋ, ਤੁਲਸੀ ਅਤੇ ਲੈਮਨਗ੍ਰਾਸ ਵੀ ਆਪਣੇ ਘਰ ਵਿੱਚ ਗਮਲਿਆਂ ਵਿੱਚ ਜਾਂ ਬਗੀਚੀ ਵਿੱਚ ਲਗਾਉਣ ਵਿੱਚ ਦਿਲਚਸਪੀ ਦਿਖਾ ਰਹੇ ਹਨ। ਕਰਮਰਈ ਪਿੰਡ ਦੇ ਰਹਿਣ ਵਾਲੇ ਅਜੈ ਯਾਦਵ, ਜੋ ਕਿ ਇਸ ਪ੍ਰੋਜੈਕਟ ਦੇ ਵਲੰਟੀਅਰ ਵੀ ਹਨ, ਦੱਸਦੇ ਹਨ ਕਿ ਪਿੰਡ ਵਾਸੀਆਂ ਨੂੰ ਮਹੂਆ ਤੋਂ ਬਣੀ ਬਰਫ਼ੀ ਅਤੇ ਟਾਫ਼ੀਆਂ ਬਹੁਤ ਪਸੰਦ ਆਈਆਂ ਹਨ। ਮਹਾਂਨਗਰਾਂ ਤੋਂ ਪਰਤੇ ਨੌਜਵਾਨ ਹੁਣ ਨਾ ਸਿਰਫ਼ ਮਹੂਆ ਦੇ ਫੁੱਲਾਂ ਅਤੇ ਫਲਾਂ ਨੂੰ ਇਕੱਠੇ ਕਰਨ ਵਿੱਚ ਦਿਲਚਸਪੀ ਲੈ ਰਹੇ ਹਨ ਬਲਕਿ ਕਾਲਜ ਦੇ ਮਾਰਗ ਦਰਸ਼ਨ ਹੇਠ ਮਹੂਆ ਤੋਂ ਕਿਸ ਤਰ੍ਹਾ ਹੋਰ ਉਤਪਾਦ ਬਣਾਏ ਜਾ ਸਕਦੇ ਹਨ, ਇਹ ਵੀ ਸਿੱਖ ਰਹੇ ਹਨ। ਦਯਾਰਾਮ ਅਹੀਰਵਰ ਦਾ ਕਹਿਣਾ ਹੈ, "ਮਹਾਂਮਾਰੀ ਦੀ ਸਥਿਤੀ ਵਿੱਚ ਸੁਧਾਰ ਹੋਣ 'ਤੇ ਵੀ ਨੌਕਰੀ ਲਈ ਦੁਬਾਰਾ ਵੱਡੇ ਸ਼ਹਿਰਾਂ ਵਿੱਚ ਜਾਣ ਦਾ ਕੋਈ ਵਿਚਾਰ ਨਹੀ ਹੈ। " ਇਹਨਾਂ ਮੁੱਲ ਸੰਵਰਧਿਤ ਉਤਪਾਦਾਂ ਨੇ ਨਾ ਸਿਰਫ ਵਾਧੂ ਆਮਦਨ ਪ੍ਰਦਾਨ ਕੀਤੀ ਬਲਕਿ ਇਸ ਮਹਾਂਮਾਰੀ ਦੌਰਾਨ ਕਿਸਾਨਾਂ ਨੂੰ ਵੀ ਆਪਣੇ ਪਿੰਡ ਪਰਤਣ ਅਤੇ ਆਤਮ ਨਿਰਭਰ ਬਣਨ ਦੇ ਸਮਰੱਥ ਬਣਾਇਆ। ●

**ਯੋਗਰੰਜਨ ਲਲਿਤ**
ਵਿਗਿਆਨਕ (ਬਾਇਓਟੈਕਨੋਲਾਜੀ)
ਈਮੇਲ : yogranjan@gmail.com
**ਮੋਹਲ ਬਲ**
ਵਿਗਿਆਨਕ (ਵਾਢੀ ਤੋਂ ਬਾਅਦ ਦੀ ਤਕਨੀਕ ਮਾਹਿਰ)
ਈਮੇਲ : lalit.bal@gmail.com
**ਦਿਨੇਸ਼ ਕੁਮਾਰ**
ਵਿਗਿਆਨਕ (ਪਸ਼ੂ ਪੋਸ਼ਣ)
ਈਮੇਲ : kr.dinesh7@gmail.com
ਖੇਤੀਬਾੜੀ ਕਾਲਜ, ਟੀਕਮਗੜ੍ਹ
ਮੱਧ ਪ੍ਰਦੇਸ਼ -472001, ਭਾਰਤ
**ਆਯੂਸ਼ੀ ਸੋਨੀ**
ਰਿਸਰਚ ਸਕਾਲਰ
ਖੇਤੀਬਾੜੀ ਕਾਲਜ, ਗਵਾਲੀਅਰ
ਮੱਧ ਪ੍ਰਦੇਸ਼ - 474011, ਭਾਰਤ
ਈਮੇਲ : ayushisoni2351997@gmail.com

**Adding value to Mahua in pandemic times**
**LEISA INDIA, June 2021**

# ਭਾਰਤ ਵਿੱਚ ਰਵਾਇਤੀ ਖੇਤੀ - ਪਸ਼ੂਪਾਲਣ ਰਾਹੀ ਪਾਰ ਲੰਘਣਾ

*ਰਿਤੁਜਾ ਮਿਤਰਾ ਅਤੇ ਸਾਹਿਤ ਗੋਵਰਧਨਮ*


**ਪਸ਼ੂ ਪਾਲਣ ਅਤੇ ਖੇਤੀਬਾੜੀ ਦੇ ਆਪਸੀ ਸੰਬੰਧਾਂ ਵਿੱਚ ਇਹ ਸਮਰੱਥਾ ਹੈ ਕਿ ਇਹ ਵਿਸ਼ਵ ਅਰਥਵਿਵਸਥਾ ਨੂੰ ਹਰੀ, ਵਾਤਾਵਰਣ ਪੱਖ ਤੋਂ ਟਿਕਾਊ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾ ਸਕੇ। ਦੇਸ਼ ਭਰ ਵਿੱਚ ਪਸ਼ੂ ਪਾਲਣ ਦੀਆਂ ਉਦਾਹਰਨਾਂ ਕੁਦਰਤੀ ਸ੍ਰੋਤਾਂ ਦੇ ਪ੍ਰਬੰਧਨ, ਸਥਾਨਕ ਮੌਸਮ ਦੇ ਹਾਲਾਤਾਂ ਦੇ ਅਨੁਕੂਲ ਬਣਨ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਗੋਬਰ ਦੀ ਖਾਦ ਰਾਹੀ ਪੈਦਾ ਕੀਤੀ ਆਰਥਿਕ ਅਤੇ ਵਾਤਾਵਰਣ ਕੀਮਤ ਆਦਿ ਦੀ ਸਮਝ ਪ੍ਰਦਾਨ ਕਰਦੀਆਂ ਹਨ।**

ਭਾਰਤ ਭਰ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਖੇਤੀ-ਚਰਾਗਾਹਾਂ ਦੀ ਵਿਵਸਥਾ ਨੇ ਕੁਦਰਤ ਨਾਲ ਆਪਣੀ ਇੱਕਮਿੱਕਤਾ ਦਿਖਾਈ ਹੈ। ਪਸ਼ੂ ਨਸਲ ਆਰਥਿਕ ਪ੍ਰਬੰਧਨ ਦੀ ਗੁਜਾਰੇ ਦੀ ਵਿਵਸਥਾ ਦੇ ਰੂਪ ਵਿੱਚ ਉੱਭਰੀ ਹੈ। ਦੇਸ਼ ਭਰ ਵਿੱਚ ਘੁੰਮਣ ਵਾਲੇ ਖਾਨਾਬਦੋਸ਼ ਚਰਵਾਹੇ ਖੇਤੀ ਦੀ ਸਥਿਰਤਾ ਦੇ ਨਾਲ ਨਾਲ ਰਵਾਇਤੀ ਚਰਾਉਣ ਵਾਲੇ ਪੇਸ਼ੇ ਦੀ ਸਥਿਰਤਾ ਲਈ ਕਿਸਾਨਾਂ ਨਾਲ ਜੁੜੇ ਹੋਏ ਹਨ। ਚਰਵਾਹੇ ਅਤੇ ਕਿਸਾਨ ਦਾ ਆਪਸੀ ਸੰਬੰਧ ਸਥਾਨਕ ਆਰਥਿਕਤਾ ਨੂੰ ਲਾਭ ਦੇਣ ਲਈ, ਕਿਸਾਨਾਂ ਅਤੇ ਚਰਵਾਹਿਆਂ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵਿਕਸਿਤ ਹੋਇਆ ਹੈ ਅਤੇ ਇਹ ਕੁਦਰਤ ਪੱਖੋਂ ਵੀ ਟਿਕਾਊ ਹੈ।

**ਆਪਸੀ ਸੰਬੰਧਾਂ ਦਾ ਦ੍ਰਿਸ਼ :** ਚਰਾਗਾਹਾਂ ਦੀ ਸਥਾਨਕ ਅਤੇ ਅਸਥਾਈ ਉਪਲਬਧਤਾ ਦੇ ਨਾਲ ਹੀ ਅਨਿਯਮਿਤ ਮੌਸਮ ਨੇ ਚਰਵਾਹਿਆਂ ਨੂੰ ਆਪਣੀ ਜਗ੍ਹਾ ਛੱਡ ਦੇਸ਼ ਦੇ ਹੋਰ ਹਿੱਸਿਆਂ ਵੱਲ ਜਾਣ ਲਈ ਮਜਬੂਰ ਕੀਤਾ ਹੈ। ਚਰਾਉਣ ਦੇ ਪਰਿਵਰਤਨਸ਼ੀਲ ਰੂਪ, ਜਿਹੜਾ ਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਮਿਲਦਾ ਹੈ, ਨੇ ਕਿਸਾਨਾਂ ਨਾਲ ਚਰਵਾਹਿਆਂ ਦਾ ਆਪਸੀ ਸੰਬੰਧ ਦਿਖਾਇਆ ਹੈ। ਹਾਲਾਂਕਿ, ਕੁੱਝ ਸਾਲਾਂ ਤੋਂ ਇਹ ਘਟਦਾ ਜਾ ਰਿਹਾ ਹੈ ਕਿਉਂਕਿ ਦੇਸ਼ ਭਰ ਵਿੱਚ ਹੁਣ ਜ਼ਿਆਦਾਤਰ ਖੇਤੀ ਦਾ ਵਪਾਰੀਕਰਨ ਹੋ ਗਿਆ ਹੈ।

### ਇੱਕ ਸਾਂਝਾ ਜੋੜ ਸਾਂਝਾ ਕਰਨਾ : ਪੱਛਮੀ ਭਾਰਤ ਤੋਂ ਕੁੱਝ ਕਿੱਸੇ

ਗੁਜਰਾਤ ਦੇ ਸੌਰਾਸ਼ਟਰ ਖੇਤਰ ਵਿੱਚ ਚਰਵਾਹਿਆਂ ਨੂੰ ਸਥਾਨਕ ਭਾਸ਼ਾ ਵਿੱਚ ਮਾਲਧਾਰੀ- ਭਾਰਵਾੜ, ਰਾਬਾੜੀ ਕਿਹਾ ਜਾਂਦਾ ਹੈ, ਸੂਬੇ ਦੇ ਹੋਰ ਹਿੱਸਿਆਂ ਵਿੱਚ ਆਪਣੇ ਪਸ਼ੂਆਂ ਨੂੰ ਲੈ ਕੇ ਜਾਂਦੇ ਹਨ ਤਾਂਕਿ ਪਸ਼ੂਆਂ ਲਈ ਚਾਰਾ ਮਿਲ ਸਕੇ। ਉਹ ਚਾਰੇ ਲਈ ਕਿਸਾਨਾਂ ਦੀ ਜ਼ਮੀਨ ਉੱਪਰ ਵੀ ਨਿਰਭਰ ਹਨ। 37 ਸਾਲਾਂ ਰਾਜਾ ਭਾਈ ਜੋ ਕਿ ਬੱਕਰੀਆਂ ਅਤੇ ਹਲਾਰੀ ਗਧੇ ਦਾ ਬ੍ਰੀਡਰ ਹੈ, ਦੀਵਾਲੀ ਤੋਂ ਬਾਅਦ ਦੇਵ ਭੂਮੀ ਦਵਾਰਕਾ ਦੇ ਖੰਬਾਲੀਆ ਬਲਾਕ ਦੇ ਆਪਣੇ ਜੱਦੀ ਪਿੰਡ ਤੋਂ ਰਾਜਕੋਟ ਦੀ ਉਪਲੇਟਾ ਬਲਾਕ ਵੱਲ ਚਾਲੇ ਪਾ ਦਿੰਦਾ ਹੈ। ਉਹ ਦੱਸਦਾ ਹੈ, "ਜ਼ਿਆਦਾਤਰ ਜਦੋਂ ਖਰੀਫ਼ ਦਾ ਸੀਜ਼ਨ ਖਤਮ ਹੁੰਦਾ ਹੈ , ਤਾਂ ਕਿਸਾਨਾਂ ਨੂੰ ਨਰਮ੍ਹੇ ਦੀ ਚੁਗਾਈ ਅਤੇ ਵਾਢੀ ਤੋਂ ਬਾਅਦ ਖੇਤਾਂ ਨੂੰ ਸਾਫ਼ ਕਰਨ ਲਈ ਮਜ਼ਦੂਰਾਂ ਦੀ ਲੋੜ ਹੁੰਦੀ ਹੈ, ਜਦੋਂਕਿ ਸਾਡੇ ਪਸ਼ੂਆਂ ਨੂੰ ਚਾਰੇ ਦੀ ਲੋੜ ਹੁੰਦੀ ਹੈ। ਸੋ ਸਾਡਾ ਕਿਸਾਨਾਂ ਨਾਲ ਇਹ ਸਮਝੌਤਾ ਹੁੰਦਾ ਹੈ ਕਿ ਅਸੀਂ ਉਹਨਾਂ ਨੂੰ ਅਗਲੀ ਫ਼ਸਲ ਦੀ ਬਿਜਾਈ ਲਈ ਖੇਤ ਸਾਫ਼ ਕਰਕੇ ਦੇਵਾਂਗੇ।"



***ਭਾਰਵਾੜ ਵਿੱਚ ਮਹਿਲਾਵਾਂ ਨਰਮ੍ਹੇ ਦੇ ਖੇਤ ਦੀ ਸਫ਼ਾਈ ਕਰ ਰਹੀਆਂ ਹਨ , ਜਦੋਂਕਿ ਭੇਡਾਂ ਚਰ ਰਹੀਆਂ ਹਨ।***

ਦਵਾਰਕਾ ਦੇ ਰਾਜਪਾਰਾ ਪਿੰਡ ਦਾ ਇੱਕ ਹੋਰ ਮਾਲਧਾਰੀ ਭੂਪਤ ਭਾਈ ਬੂੰਦੀਆ ਅਕਤੂਬਰ ਅੰਤ ਤੋਂ ਜੂਨ ਤੱਕ 200 ਕਿਲੋਮੀਟਰ ਦੀ ਯਾਤਰਾ ਕਰਦਾ ਹੈ। ਉਹ ਇਸ ਰਿਸ਼ਤੇ ਦੇ ਪਿੱਛੇ ਦੀ ਆਰਥਿਕਤਾ ਨੂੰ ਸਮਝਾਉਂਦਾ ਹੈ- ਆਮ ਤੌਰ 'ਤੇ ਕੋਈ ਵੀ ਮਜ਼ਦੂਰ ਨਰਮ੍ਹੇ ਦੀ ਖੇਤ ਦੀ ਸਫ਼ਾਈ ਲਈ ਇੱਕ ਦਿਨ ਦਾ 350 ਰੁਪਏ ਲੈਂਦਾ ਹੈ ਅਤੇ 5 ਘੰਟੇ ਕੰਮ ਕਰਦਾ ਹੈ। ਕੋਈ ਵੀ ਕਿਸਾਨ ਜਿਸ ਕੋਲ ਪੰਜ ਏਕੜ ਜ਼ਮੀਨ ਹੈ, ਉਸਨੂੰ 3500 ਰੁਪਏ ਅਤੇ 10 ਦਿਨ ਇਸ ਕੰਮ ਲਈ ਖਰਚ ਕਰਨੇ ਪੈਣਗੇ ਤਾਂਕਿ ਉਸਦਾ ਖੇਤ ਅਗਲੀ ਫ਼ਸਲ ਲਈ ਤਿਆਰ ਹੋ ਸਕੇ। ਸਾਡੀਆਂ ਭੇਡਾਂ-ਬੱਕਰੀਆਂ ਸਾਰਾ ਦਿਨ ਚਰਦੀਆਂ ਹਨ। ਸਾਡੀਆਂ ਮਹਿਲਾਵਾਂ ਚਰੇ ਹੋਏ ਪੌਦਿਆਂ ਦੇ ਬੰਡਲ ਬੰਨ ਦਿੰਦੀਆਂ ਹਨ ਅਤੇ ਅਸੀਂ ਇਸਦੇ ਲਈ ਕੋਈ ਪੈਸਾ ਨਹੀਂ ਲੈਂਦੇ।

ਇਹ ਖਾਨਾਬਦੋਸ਼ ਚਰਵਾਹੇ ਨਾ ਸਿਰਫ਼ ਆਰਥਿਕ ਤੌਰ 'ਤੇ ਟਿਕੇ ਰਹਿਣ ਲਈ ਇਸ ਰਿਸ਼ਤੇ ਦੀ ਮਹੱਤਤਾ ਅਤੇ ਲੋੜ ਨੂੰ ਸਮਝਦੇ ਹਨ ਬਲਕਿ ਉਹ ਇਹ ਵੀ ਸਮਝਦੇ ਹਨ ਕਿ ਇਹ ਰਿਸ਼ਤਾ ਇੱਕ ਸੱਭਿਆਚਾਰਕ ਸੰਬੰਧ ਬਣਾਈ ਰੱਖਣ ਵਿੱਚ ਮੱਦਦ ਕਰੇਗਾ ਜੋ ਕਿ ਕੁਦਰਤ ਲਈ ਵੀ ਫਾਇਦੇਮੰਦ ਹੈ। ਜਾਮਨਗਰ ਦੇ ਪਿੰਡ ਸੇਠ ਵਡਾਲਾ ਦੇ ਕਿਸਾਨ ਭੀਮਾ ਭਾਈ ਦੱਸਦੇ ਹਨ,"ਮੈਂ 5 ਮਾਲਧਾਰੀ ਪਰਿਵਾਰਾਂ ਨੂੰ ਆਪਣੀ ਜ਼ਮੀਨ ਉੱਪਰ ਰਹਿਣ ਦਿੰਦਾ ਹਾਂ। ਅਤੇ ਇਹ ਹਮੇਸ਼ਾ ਮੇਰੇ ਪਰਿਵਾਰ ਦੁਆਰਾ ਮੰਨਿਆ ਗਿਆ ਹੈ।" ਉਹ ਅੱਗੇ ਇੱਕ ਕਹਾਵਤ 'ਆਹ ਜ਼ਮੀਨ ਗੋਪਾਲ ਕੀ' (ਇਹ ਜ਼ਮੀਨ ਸ਼੍ਰੀ ਕ੍ਰਿਸ਼ਨ ਦੀ ਹੈ) ਕਹਿੰਦੇ ਹੋਏ ਦੱਸਦੇ ਹਨ ਕਿ ਇਹ ਧਰਤੀ ਸਭ ਦੀ ਹੈ। ਭੀਮਾ ਭਾਈ ਕਹਿੰਦੇ ਹਨ ਕਿ ਨਾ ਸਿਰਫ ਭੇਡਾਂ-ਬੱਕਰੀਆਂ ਖੇਤ ਉੱਪਰ ਚਰਦੀਆਂ ਹਨ ਸਗੋਂ ਉਹ ਜ਼ਮੀਨ ਲਈ ਖਾਦ ਵੀ ਦਿੰਦੀਆਂ ਹਨ ਜੋ ਮਿੱਟੀ ਦੀ ਉਪਜਾਊ ਸ਼ਕਤੀ ਲਈ ਬਹੁਤ ਜਰੂਰੀ ਹੈ। ਉਹ ਅੱਗੇ ਦੱਸਦੇ ਹਨ ਕਿ ਜਦੋਂ ਵੀ ਉਹਨਾਂ ਨੂੰ ਬੱਕਰੀ ਦੇ ਦੁੱਧ ਦੀ ਲੋੜ ਪੈਂਦੀ ਹੈ ਤਾਂ ਮਾਲਧਾਰੀ ਉਹਨਾਂ ਨੂੰ ਦੁੱਧ ਵੀ ਦਿੰਦੇ ਹਨ।

**ਕਿਸਾਨਾਂ ਅਤੇ ਚਰਵਾਹਿਆਂ ਵਿਚਕਾਰ ਵਿਲੱਖਣ ਸੰਬੰਧਾਂ ਨੂੰ ਪਛਾਣ ਦੇਣ ਦੀ ਲੋੜ ਹੈ ਜੋ ਉਹਨਾਂ ਨੂੰ ਪਹਿਲਾਂ ਕਦੇ ਨਹੀ ਮਿਲੀ।**

**ਆਂਧਰ ਪ੍ਰਦੇਸ਼ ਤੋਂ ਵਿਸ਼ਵਾਸ ਦਾ ਇੱਕ ਕਿੱਸਾ :** ਆਪਸੀ ਵਿਸ਼ਵਾਸ ਦੀਆਂ ਕੁੱਝ ਅਜਿਹੀਆਂ ਹੀ ਉਦਾਹਰਨਾ ਆਂਧਰ ਪ੍ਰਦੇਸ਼ ਦੇ ਅਲੰਤਪੁਰ ਜਿਲ੍ਹੇ ਦੇ ਰਾਪਤਾੜੂ ਮੰਡਲ ਦੇ ਕਿਸਾਨਾਂ ਦੁਆਰਾ ਵੀ ਸਾਂਝੀਆਂ ਕੀਤੀਆ ਗਈਆਂ ਹਨ। ਕੁਰੂਮਾਸ ਸਮੁਦਾਇ ਦੇ ਜ਼ਿਆਦਾਤਰ ਭੇਡਾਂ ਪਾਲਣ ਵਾਲੇ ਆਪਣੇ ਪਸ਼ੂਆਂ ਲਈ ਚਾਰੇ ਦੀ ਭਾਲ ਵਿੱਚ ਕਿਸਾਨਾਂ ਕੋਲ ਆਉਂਦੇ ਹਨ। ਕਿਸਾਨ ਉਹਨਾਂ ਨੂੰ ਭੋਜਨ, ਰਹਿਣ ਦੀ ਜਗ੍ਹਾ ਅਤੇ ਕੱਪੜੇ ਦਿੰਦੇ ਹਨ। ਕਿਸਾਨਾਂ ਵੱਲੋਂ



*ਜਾਮਨਗਰ ਦੀ ਉਪਲੇਟਾ ਤਾਲੁਕਾ ਦੇ ਨਰਮ੍ਹੇ*
*ਇੱਕ ਖੇਤ ਵਿੱਚ ਭਾਰਵਾੜ ਮਾਲਧਾਰੀ ਆਪਣੇ ਪਸ਼ੂ ਚਰਾਉਂਦਾ ਹੋਇਆ*

ਆਪਣੀਆਂ ਜ਼ਮੀਨਾਂ ਉੱਪਰ ਚਰਵਾਹਿਆਂ ਦੀ ਆਮਦ ਨੂੰ ਇੱਕ ਤਿਓਹਾਰ ਵਾਂਗੂ ਮਨਾਇਆ ਜਾਂਦਾ ਹੈ ਜਿੱਥੇ ਉਹ ਕੋਰਾਲੂ (ਰਾਗੀ) ਦੀ ਖੀਰ ਬਣਾਉਂਦੇ ਹਨ ਜੋ ਕਿ ਇੱਕ ਦਿਨ ਚਰਵਾਹਿਆਂ ਨੂੰ ਖਵਾਈ ਜਾਂਦੀ ਹੈ। ਅਨੰਤਪੁਰ ਜਿਹੇ ਸਥਾਨਾਂ ਵਿਖੇ ਜਿੱਥੇ ਮੌਸਮ ਬੜਾ ਸਖਤ ਹੈ, ਅਜਿਹੇ ਸੰਬੰਧ ਨਾ ਸਿਰਫ ਛੋਟੇ ਕਿਸਾਨਾਂ ਨੂੰ ਸੁਰੱਖਿਆ ਦਿੰਦੇ ਹਨ ਸਗੋਂ ਚਰਵਾਹਿਆਂ ਦੀ ਵੀ ਇੱਕ ਰੋਜ਼ੀ-ਰੋਟੀ ਸੁਰੱਖਿਅਤ ਕਰਦੇ ਹਨ।

**ਹਿਮਾਲਿਆਂ ਤੋਂ ਕੁੱਝ ਕਿੱਸੇ :**

ਜੌਨਸਰ-ਬਾਵਰ ਦੇ ਚਰਵਾਹੇ ਗਰਮੀਆਂ ਅਤੇ ਸਰਦੀਆਂ ਵਿੱਚ ਆਪਣੇ ਪਸ਼ੂਆਂ ਲਈ ਚਾਰੇ ਦੀ ਭਾਲ ਵਿੱਚ ਹੇਠਾਂ ਮੈਦਾਨਾਂ ਵੱਲ ਨੂੰ ਆਉਂਦੇ ਹਨ ਅਤੇ ਇਹ ਨਾ ਸਿਰਫ ਕਿਸਾਨਾਂ ਨਾਲ ਬਲਕਿ ਇਲਾਕੇ ਦੇ ਕਾਰੀਗਰਾਂ ਨਾਲ ਵੀ ਉਹਨਾਂ ਦੇ ਅਨੋਖੇ ਰਿਸ਼ਤੇ ਨੂੰ ਦਿਖਾਉਂਦਾ ਹੈ। ਪੱਛਮੀ ਹਿਮਾਲਿਆ ਦੇ ਉੱਤਰਾਖੰਡ ਸੂਬੇ ਦੇ ਜੌਨਸਰ-ਬਾਵਰ ਦੇ ਖਸ ਚਰਵਾਹੇ ਜ਼ਿਆਦਾਤਰ ਭੇਡਾਂ-ਬੱਕਰੀਆਂ ਪਾਲਦੇ ਹਨ। ਉਹ ਸਤੰਬਰ-ਅਕਤੂਬਰ ਦੇ ਵਾਢੀ ਦੇ ਸੀਜ਼ਨ ਵਿੱਚ ਸੇਬ ਅਤੇ ਖੁੰਬਾਨੀ ਦੇ ਬਗੀਚਿਆਂ ਉੱਪਰ ਨਿਰਭਰ ਹਨ। ਅਕਸਰ ਇਹ ਚਰਵਾਹੇ ਕਿਸਾਨਾਂ ਦੀ ਜ਼ਮੀਨ ਵੱਲ ਚਾਲੇ ਪਾਉਂਦੇ ਹਨ ਅਤੇ ਆਪਣੇ ਪਸ਼ੂਆਂ ਨੂੰ ਚਰਨ ਲਈ ਛੱਡ ਦਿੰਦੇ ਹਨ। ਜਦੋਂ ਉਹ ਜ਼ਮੀਨ ਉੱਪਰ ਹੁੰਦੇ ਹਨ ਤਾਂ ਉਹ ਸਰਦੀਆਂ ਦੀ ਤਿਆਰੀ ਲਈ ਭੇਡਾਂ ਦੀ ਉੱਨ ਲਹਾ ਦਿੰਦੇ ਹਨ। ਇਸ ਦੌਰਾਨ ਖਸ ਚਰਵਾਹੇ ਕੁੱਝ ਉੱਨ ਰੱਖ ਲੈਂਦੇ ਹਨ ਅਤੇ ਬਾਕੀ ਉੱਨ ਉੱਥੋਂ ਦੇ ਕੋਲਤਾਸ (ਕਾਰੀਗਰਾਂ) ਨੂੰ ਖੁਦ ਲਈ ਅਤੇ ਬਾਜ਼ਾਰ ਵਿੱਚ ਕੱਪੜੇ ਬਣਾ ਕੇ ਵੇਚਣ ਲਈ ਦੇ ਦਿੰਦੇ ਹਨ।

ਜੌਨਸਰ ਦੇ ਗੋਰਚਾ ਪਿੰਡ ਦੇ ਸਥਾਨਕ ਨਿਵਾਸੀ ਪੂਰਨ ਸਿੰਘ ਚੌਹਾਨ ਦੱਸਦੇ ਹਨ, "ਏਥੇ ਹਾਲੇ ਵੀ ਹਰ ਪਰਿਵਾਰ ਦੇ ਇੱਕ ਜਾਂ ਦੋ ਮੈਂਬਰ ਭੇਡਾਂ ਚਰਾਉਣ ਵਿੱਚ ਲੱਗੇ ਹੋਏ ਹਨ। ਪਰ ਨਕਦ ਆਧਾਰਿਤ ਅਰਥਵਿਵਸਥਾ ਅਤੇ ਦੇਹਰਾਦੂਨ-ਵਿਕਾਸਨਗਰ ਸ਼ਹਿਰਾਂ ਦੇ ਵਿਸਤਾਰ ਕਾਰਨ ਨੌਜਵਾਨ ਸ਼ਹਿਰਾਂ ਵੱਲ ਜਾ ਰਹੇ ਹਨ ਅਤੇ ਇਸ ਕਿੱਤੇ ਵਿੱਚ ਗਿਰਾਵਟ ਆਉਣ ਲੱਗ ਪਈ ਹੈ ਜੋ ਪਹਿਲਾ ਕਦੇ ਨਹਾਂ ਦੇਖਿਆ ਗਿਆ। " ਉਹ ਯਾਦ ਕਰਦੇ ਹਨ ਕਿ ਇਹ ਵਿਵਸਥਾ ਨਾ ਸਿਰਫ ਹੁਣ ਕਿਸਾਨਾਂ ਅਤੇ ਚਰਵਾਹਿਆਂ ਲਈ ਘੱਟ ਗਈ ਹੈ ਸਗੋਂ ਇਸ ਨਾਲ ਸੰਬੰਧਿਤ ਉਤਪਾਦਾ ਜਿਵੇਂ ਚੌਰਾ (ਭੇਡ ਦੀ ਉੱਨ ਤੋ ਬਣਿਆ ਓਵਰਕੋਟ), ਖੁਰਸਾ (ਬੱਕਰੀ ਦੀ ਉੱਨ ਤੋਂ ਬਣੇ ਬੂਟ) ਅਤੇ ਖਰਸਾ (ਬੱਕਰੀ ਦੀ ਉੱਨ ਤੋਂ ਬਣਿਆ ਮੈਟ) ਵੀ ਹੁਣ ਵਰਤੋਂ ਵਿੱਚ ਨਹੀਂ ਰਹਿ ਗਏ।



ਖੇਤਾਂ ਵੱਲ ਨੂੰ ਜਾਂਦੇ ਹੋਏ, ਅਨੰਤਪੁਰ

ਇਹਨਾਂ ਸਾਰੇ ਬਦਲਾਵਾਂ ਨੇ ਜੋ ਖੇਤੀ ਦੁਆਲੇ ਇੱਕ ਰਵਾਇਤੀ ਸੱਭਿਆਚਾਰ ਜੁੜਿਆ ਸੀ ਅਤੇ ਜੋ ਸਥਾਨਕ ਅਰਥਵਿਵਸਥਾ ਨਾਲ ਇੱਕਮਿੱਕ ਸੀ, ਨੂੰ ਢਾਹ ਲਾਈ ਹੈ। ਖੇਤਰ ਦੇ ਕਿਸਾਨਾਂ ਨੂੰ ਹੁਣ ਆਪਣੇ ਖੇਤਾਂ ਲਈ ਖਾਦ ਦੀ ਉਪਲਬਧਤਾ ਘਟ ਗਈ ਹੈ ਜਿਸ ਕਰਕੇ ਉਹਨਾਂ ਨੂੰ ਆਪਣੇ ਖੇਤਾਂ-ਬਗੀਚਿਆਂ ਵਿੱਚ ਰਸਾਇਣਿਕ ਖਾਦਾਂ ਦਾ ਇਸਤੇਮਾਲ ਕਰਨਾ ਪੈ ਰਿਹਾ ਹੈ ਜੋ ਕਿ ਹਿਮਾਲਿਆ ਜਿਹੇ ਨਾਜ਼ੁਕ ਖੇਤਰ ਲਈ ਲੰਬੇ ਸਮੇਂ ਵਿੱਚ ਬਹੁਤ ਨੁਕਸਾਨਦਾਇਕ ਸਿੱਧ ਹੋਵੇਗਾ।

**ਪਛਾਣ ਅਤੇ ਜੋੜਨ ਦੀ ਜਰੂਰਤ** : ਜਿਵੇਂ ਕਿ ਅਸੀਂ ਦੇਖ ਰਹੇ ਹਾਂ ਕਿ ਕਈ ਸੂਬਿਆਂ ਵਿੱਚ ਜੈਵਿਕ ਖੇਤੀ ਨੂੰ ਪ੍ਰੋਤਸ਼ਾਹਿਤ ਕੀਤਾ ਜਾ ਰਿਹਾ ਹੈ, ਚਰਵਾਹਿਆ ਸਮੁਦਾਇ ਨੂੰ ਕਿਸਾਨਾਂ ਨਾਲ ਜੋੜਨਾ ਦੋਵਾਂ ਨੂੰ ਹੀ ਵਾਤਾਵਰਣ ਅਤੇ ਆਰਥਿਕ ਪੱਖ ਤੋਂ ਫਾਇਦਾ ਕਰੇਗਾ। ਇਹ ਸੰਬੰਧ ਜਿੱਥੇ ਕਿਸਾਨਾਂ ਨੂੰ ਖਾਦ ਦੀ ਉਪਲਬਧਤਾ ਸਥਾਨਕ ਪੱਧਰ 'ਤੇ ਕਰਵਾਏਗਾ, ਉਥੇ ਹੀ ਚਰਵਾਹਿਆਂ ਨੂੰ ਖਾਦ ਤੋਂ ਕੁੱਝ ਕਮਾਈ ਹੋ ਸਕੇਗੀ। ਦੇਸ਼ ਭਰ ਵਿੱਚ ਚਰਵਾਹਿਆਂ ਦੀਆਂ ਉਦਾਹਰਨਾਂ ਕੁਦਰਤੀ ਸ੍ਰੋਤਾਂ ਦੇ ਪ੍ਰਬੰਧਨ, ਸਥਾਨਕ ਮੌਸਮ ਦੇ



ਜੌਨਸਰ ਦੇ ਇੱਕ ਬਗੀਚੇ ਵਿੱਚ ਆਪਣੇ ਪਸ਼ੂ ਚਰਾਉਂਦਾ ਚਰਵਾਹਾ

ਹਾਲਾਤਾਂ ਦੇ ਅਨੁਕੂਲ ਬਣਨ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਗੋਬਰ ਦੀ ਖਾਦ ਰਾਹੀ ਪੈਦਾ ਕੀਤੀ ਆਰਥਿਕ ਅਤੇ ਵਾਤਾਵਰਣ ਕੀਮਤ ਆਦਿ ਦੀ ਸਮਝ ਪ੍ਰਦਾਨ ਕਰਦੀਆਂ ਹਨ। ਚਰਵਾਹਿਆਂ ਅਤੇ ਖੇਤੀਬਾੜੀ ਦੇ ਆਪਸੀ ਸੰਬੰਧਾਂ ਵਿੱਚ ਇਹ ਸਮਰੱਥਾ ਹੈ ਕਿ ਇਹ ਵਿਸ਼ਵ ਅਰਥਵਿਵਸਥਾ ਨੂੰ ਹਰੀ, ਵਾਤਾਵਰਣ ਪੱਖ ਤੋਂ ਟਿਕਾਊ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾ ਸਕੇ। ਲੋੜ ਹੈ ਤਾਂ ਅਜਿਹੀਆਂ ਨੀਤੀਆਂ ਅਤੇ ਵਿਵਸਥਾ ਬਣਾਉਣ ਦੀ ਜੋ ਕਿ ਚਰਵਾਹਿਆਂ ਦੇ ਸਮੁਦਾਇ ਨੂੰ ਸਮਰੱਥ ਬਣਾ ਸਕਣ ਜੋ ਕਿ ਇੱਕ ਅਨਿਸ਼ਚਿਤਤਾ ਦੀ ਪਤਲੀ ਲਾਈਨ ਉੱਪਰ ਖੜ੍ਹੇ ਹਨ। ●

**ਰਿਤੁਜਾ ਮਿਤਰਾ**
ਰਿਸਰਚ ਐਸੋਸੀਏਟ, ਸੰਜੀਵਨ
ਈਮੇਲ : rituja@sahjeevan.org

**ਸਾਹਿਤ ਗੋਵਰਧਨਮ**
ਕੰਸਲਟੈਂਟ ਐਟ ਇਕੋਨੋਮਿਕਸ ਸੈਂਅਰ ਆਫ
ਵਰਲਡ ਰਿਸੋਰਸ ਇੰਸਟੀਟਿਊਟ, ਭਾਰਤ
ਈਮੇਲ : g.sahith17_mad@apu.edu.in

**Traversing through the traditional agro - pastoral systems in India**
**LEISA INDIA, December 2021**